ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ, ਸੋ ਕਹੀਅਤ ਹੈ ਸੂਰਾ ॥


ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਪਟਿਆਲਾ


ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਜੀ



ਧੰਨ ਸ੍ਰੀ ਗੁਰੂ ਰਾਮਦਾਸ, ਜਿਨ੍ਹਾਂ ਦਾ ਜਨਮ ਦਿਨ 20 ਅਕਤੂਬਰ ਨੂੰ ਇਸ ਪਵਿਤ੍ਰ ਅਸਥਾਨ ਤੇ ਬੜੀ ਸਜ ਧਜ ਨਾਲ ਮਨਾਇਆ ਜਾ ਰਿਹਾ ਹੈ ।


OCTOBER ਅਕਤੂਬਰ

1967 ੧੯੬੭


www.AKJ.Org

# * ਲੇਖ ਸੂਚੀ *


| ਨੰ: | ਲੇਖ | ਪੰਨਾ | ਲੇਖਕ |
|---|---|---|---|
| ੧. | ਸੰਪਾਦਕੀ | ੪ | ਸੰਪਾਦਕ |
| ੨. | ਸਾਲਾਨਾ ਕੀਰਤਨ ਸਮਾਗਮ | ੫ | ਅਖੰਡ ਕੀਰਤਨੀ ਜੱਥਾ, ਦਿਲੀ |
| ੩. | ਐਡੀਟਰ ਦੀ ਡਾਕ | ੬ | ਐਡੀਟਰ |
| ੪. | ਚੜ੍ਹਦੀ ਕਲਾ ਕਿਵੇਂ ਹੋ ਸਕਦੀ ਹੈ ? | ੭ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ |
| ੫. | ਰਹਿਤ ਅਤੇ ਇਸਤ੍ਰੀ ਪ੍ਰੇਮ | ੧੧ | ਭਾਈ ਗੁਰਚਰਨ ਸਿੰਘ ਜੀ ਐਮ.ਏ. ਨੂਰਮਹਿਲ |
| ੬. | ਸਿਖਾਂ ਵਿਚ ਸੁਧਾਰਕ ਲਹਿਰ ਦੀ ਲੋੜ | ੧੩ | ਭਾਈ ਕੁੰਦਨ ਸਿੰਘ ਜੀ ਗਵਾਲੀਅਰ |
| ੭. | ਜ਼ਰਾ ਸੋਚਣ ਵਾਲੀ ਗਲ | ੧੬ | ਭਾਈ ਮਨਮੋਹਨ ਸਿੰਘ ਜੀ M.Sc. ਜੈਪੁਰ |
| ੮. | ਮੌਤ—ਆਤਮਾ ਦਾ ਪਰਮ-ਆਤਮਾ ਵਿਚ ਲੀਨ ਹੋਣਾ ? | ੧੯ | ਭਾਈ ਅਮ੍ਰੀਕ ਸਿੰਘ ਜੀ ਬੜੋਦਾ ਬੀ.ਏ. |
| ੯. | ਜਾਗੋ...ਜਾਗੋ...ਜਾਗੋ ! | ੨੩ | ਭਾਈ ਮਾਲਿਕ ਸਿੰਘ ਜੀ B.Sc. ਕਾਨ੍ਹਪੁਰ |
| ੧੦. | ਸੀਗਾਰ, ਸੁਆਦ ਤੇ ਵਾਸ਼ਨਾਂ | ੨੭ | ਭਾਈ ਸਤਿਨਾਮ ਸਿੰਘ ਜੀ ਲੁਧਿਆਣਾ |
| ੧੧. | ਭਟ ਬਾਣੀ ਅਤੇ ਉਹਨਾਂ ਬਾਰੇ ਖੋਜ | ੩੧ | ਗਿਆਨੀ ਗੁਰਦਿਤ ਸਿੰਘ ਜੀ ਚੰਡੀਗੜ੍ਹ |
| ੧੨. | ਆਦਰਸ਼ਕ ਮਨੁਖ | ੩੫ | ਭਾਈ ਇਕਬਾਲ ਸਿੰਘ ਜੀ ਪਟਿਆਲਾ |
| ੧੩. | ਗੁਰਮਤਿ ਦੇ ਝਰੋਖੇ ਤੋਂ | ੪੦ | ਗੁਰਮਤਿ ਖੋਜੀ ਵਲੋਂ |
| ੧੪. | ਨਿਰਬਾਣ ਕੀਰਤਨੀਆਂ ਦੀ ਭਾਰਤ ਫੇਰੀ | ੪੨ | ਗਿਆਨੀ ਗੁਰਦਿਤ ਸਿੰਘ ਜੀ ਚੰਡੀਗੜ |
| ੧੫. | ਪਵਿਤਰ ਗੁਰਧਾਮਾਂ ਦੀ ਯਾਤਰਾ | ੪੬ | ਭਾਈ ਹਰਚਰਨ ਸਿੰਘ ਜੀ ਚੰਡੀਗੜ |


## ਇਸ ਮਹੀਨੇ ਵਿਚ ਗੁਰਪੁਰਬ

| | |
|---|---|
| ਗੁਰੂ ਰਾਮਦਾਸ ਜੀ ਅਵਤਾਰ ਧਾਰਿਆ | ੨੦ ਅਕਤੂਬਰ |
| ਗੁਰੂ ਹਰਿਕਿਸ਼ਨ ਜੀ ਗੁਰ ਗਦੀ ਦਿਵਸ | ੨੭ " |
| ਗੁਰੂ ਹਰਿਰਾਏ ਜੋਤੀ ਜੋਤ ਦਿਵਸ | ੨੭ " |

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ, ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫ਼ਤਹਿ ॥

# ਸੂਰਾ

ਮਾਸਕ **ਪਟਿਆਲਾ** ਪੱਤਰ

## ਗੁਰਮਤਿ ਪ੍ਰਚਾਰਕ ਮਾਸਕ ਪੱਤਰ

ਜਿਲਦ ਨੰ: ੨ ਅੱਸੂ—ਕੱਤਕ ੪੯੮ ਨਾਨਕ ਸ਼ਾਹੀ ਅੰਕ ਨੰ: ੯

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥
ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥
ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥
ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥
ਕੀਤਾ ਕਿਛੂ ਨ ਹੋਵਈ ਲਿਖਿਆ ਧੁਰ ਸੰਜੋਗ ॥
ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ ॥
ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ॥
ਕਤਿਕ ਹੋਵੈ ਸਾਧ ਸੰਗੁ ਬਿਨਸਹਿ ਸਭੇ ਸੋਚ ॥ ੯ ॥

ਆਨਰੇਰੀ ਐਡੀਟਰ :
ਮਨੋਹਰ ਸਿੰਘ

ਅਕਤੂਬਰ ੧੯੬੭

ਸੂਰਾ ਪ੍ਰਿੰਟਿੰਗ ਪ੍ਰੈਸ, ਰਾਘੋਮਾਜਰਾ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ ਪਟਿਆਲਾ ਲਈ ਮਨੋਹਰ ਸਿੰਘ ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫਤਰ 'ਸੂਰਾ' ਰਾਘੋਮਾਜਰਾ,ਪਟਿਆਲਾ-੩ ਤੋਂ ੫ ਅਕਤੂਬਰ ੧੯੬੭ ਨੂੰ ਪ੍ਰਕਾਸ਼ਤ ਕੀਤਾ ।

www.AKJ.Org




ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੋਹਾਵਾ ਰਾਮ ਰਾਜੇ ॥
ਗੁਰ ਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥

ਗੁਰੂ ਕੇ ਪਿਆਰਿਆਂ ਨੇ ਸੋਹਣੇ ਸੋਹਣੇ ਉਦਮ ਕੀਤੇ ਹਨ, ਉਹਨਾਂ ਉਹਨਾਂ ਥਾਂਵਾਂ ਦੀ 'ਧੂੜ ਮੁਖ' ਲਾਵਣ ਦੇ, ਜਿਥੇ ਜਿਥੇ ਸਤਿਗੁਰਾਂ ਨੇ ਪਵਿਤ੍ਰ ਚਰਨ ਛੁਹਾਏ। ਕਈ ਚਿਰਾਂ ਤੋਂ ਬਹੁਤ ਸਾਰੇ ਪ੍ਰੇਮੀਆਂ ਦੇ ਹਿਰਦੇ ਵਿਚ ਤੜਪ ਸੀ ਕਿ ਕਦੋਂ ਗੁਰੂ ਧਾਮਾਂ ਦੇ ਦਰਸ਼ਨ ਦੀਦਾਰੇ ਜਾਏ ਕਰੀਏ। ਇਤਨੀ ਸੰਗਤ ਨੂੰ ਕਠਿਆਂ ਕਰਨਾ ਭੀ ਮਹਾਨ ਉਦਮ ਹੈ। ਅਜੇ ਭੀ ਬਹੁਤ ਸਾਰੀਆਂ ਰੂਹਾਂ ਨੇ ਆਪਣੀਆਂ ਨਿਜੀ ਮਜਬੂਰੀਆਂ ਕਾਰਨ ਨਹੀਂ ਜਾ ਸਕੀਆਂ, ਗੁਰੂ ਸਚਾ ਪਾਤਸ਼ਾਹ "ਗੈਰ ਹਾਜ਼ਰਾਂ ਹਾਜ਼ਰ ਲਾਏ"। ਸਾਢੇ ਬਾਰਾਂ ਬਰਸ ਹੋ ਗਏ ਹਨ ਜਦੋਂ ਗੁਰਪੁਰਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ ਜਥੇ ਸਮੇਤ ਯਾਤਰਾ ਕਰਨ ਗਏ ਸਨ।

ਖ਼ਾਲਸਈ ਕਹਾਵਤ ਹੈ 'ਹਦਾਇਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ, ਅਤੇ ਦਰਸ਼ਨ ਗੁਰੂ ਖ਼ਾਲਸੇ ਜੀ ਕਾ।' ਇਹਨਾਂ ਯਾਤਰੀਆਂ ਵਿਚ ਬੇਸ਼ੁਮਾਰ ਤਿਆਰ ਬਰ ਤਿਆਰ ਸਿੰਘ, ਸਿੰਘਣੀਆਂ ਨਾਮ ਰਸੀਏ, ਗੁਰੂ ਕੇ ਢਾਡੀ ਅਤੇ ਗੁਰੂ ਕੀਆਂ ਲਾਡਲੀਆਂ ਫ਼ੌਜਾਂ ਸ਼ਾਮਲ ਹਨ, 'ਗੁਰਸਿਖਾਂ ਅੰਦਰ ਸਤਿਗੁਰੂ ਵਰਤੈ' ਦੇ ਪਵਿਤ੍ਰ ਗੁਰਵਾਕ ਇਹਨਾਂ ਪਿਆਰਿਆਂ ਤੇ ਐਨ ਢੁਕਦੇ ਹਨ। ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਅਤੇ ਉਹਨਾਂ ਦੇ ਅਖੰਡ ਕੀਰਤਨੀ ਜਥੇ ਅਜ ਵੀ ਪੁਰਾਤਨ ਸਿਖ ਰਹਿਤ ਮਰਯਾਦਾ ਦੇ ਅਨੁਯਾਈ ਹਨ, ਇਥੋਂ ਤਕ ਕਿ ਸ਼ਰਧਾ ਭਾਵਨਾ ਸਹਿਤ ਕੇਸਕੀ ਨੂੰ ਭੀ ਪੰਜਵਾਂ ਕਕਾਰ ਮੰਨਦੇ ਹਨ। ਕੀ ਸਿੰਘ ਅਤੇ ਕੀ ਸਿੰਘਣੀਆਂ ਸਭ ਲਈ ਰਹਿਤ ਇਕੋ ਜਿਹੀ ਮੰਨੀ ਜਾਂਦੀ ਹੈ। ਸਿੰਘਣੀਆਂ ਦੇ ਸੀਸ ਤੇ ਸੁਰਮਈ ਦਸਤਾਰੇ ਸ਼ੋਭਦੇ ਹਨ, ਜਿਸ ਸਦਕਾ ਸਿੰਘ ਤਾਂ ਕੀ, ਸਿੰਘਣੀਆਂ ਵੀ ਦੂਰ ਤੋਂ ਹਜ਼ਾਰਾਂ ਦੀ ਭੀੜ ਵਿਚ ਨਿੱਤਰ ਆਉਂਦੀਆਂ ਹਨ। ਇਸ ਜਥੇ ਦਾ ਜਿਥੇ ਰਹਿਤ ਮਰਯਾਦਾ ਤੇ ਤਕੜਾ ਪਹਿਰਾ ਹੈ ਉਥੇ 'ਸਿਰ ਹੁਕਮਨ ਕੇ ਹੁਕਮਾ' ਨਿਰੋਲ ਗੁਰਬਾਣੀ ਦਾ ਹੀ ਅਖੰਡ ਕੀਰਤਨ ਕਰਨਾ ਤੇ ਕਰੀ ਜਾਣਾ ਵੀ ਇਕ ਜ਼ਾਹਰਾ ਕਰਾਮਾਤ ਕਹਿ ਲਵੋ, ਜਾਂ ਪਰਗਟ ਪਹਾਰੇ ਦੀ ਅਪਾਰ ਪਰਤੱਖ ਬਖ਼ਸ਼ਸ਼। ਗੁਰਸਿਖ ਦੇ ਜੀਵਨ ਵਿਚ ਸਭ ਤੋਂ ਸਰੇਸ਼ਟ ਦੋ ਹੀ ਵਸਤੂਆਂ ਹਨ, ਗੁਰਬਾਣੀ ਕੀਰਤਨ ਅਤੇ ਰਹਿਤ, ਜੋ ਜਗਿਆਸੂ ਨੂੰ ਪੁੰਨਾ ਪੁੰਨਾ ਅਭਿਆਸ ਕਮਾਈਆਂ ਲਈ ਤਤਪਰ ਕਰਦੀਆਂ ਹਨ।

ਉਹਨਾਂ ਉਹਨਾਂ ਸਥਾਨਕ ਸੰਗਤਾਂ ਦੇ ਕਿਡੇ ਵਡੇ ਭਾਗ ਹਨ, ਜੋ ਇਹਨਾਂ ਪਿਆਰਿਆਂ ਦੇ ਨਾਮ ਨਾਲ ਭਿਜੀ ਹੋਈ ਅਵਸਥਾ ਵਿਚ, ਨਾਮ ਜਪ ਜਪ ਕੇ ਕਿਸੇ ਉਚਾਣ ਤੇ ਪੁਜੇ ਹੋਇਆਂ ਦੇ ਦਰਸ਼ਨ ਕਰਨਗੇ। ਧੰਨ ਹਨ ਉਹ ਗੁਰਧਾਮ ਜਿਥੇ ਫਿਰ ਹਰਿ ਜਸੁ ਦੀਆਂ ਘੁਮਾਰਾਂ ਪੈਣਗੀਆਂ, ਅਸੀਂ ਸਮੂਹ ਪਾਠਕਾਂ ਤੇ 'ਸੂਰਾ' ਦੇ ਸੇਵਕਾਂ ਵਲੋਂ ਜਥੇ ਦੀ ਸਫ਼ਲ ਯਾਤਰਾ ਲਈ ਅਰਦਾਸ ਕਰਦੇ ਹਾਂ। ਜਿਥੇ ਜਿਥੇ ਜਥੇ ਦਾ ਠਹਿਰਾਓ ਹੋਵੇ, ਉਥੇ ਸਭ ਮਾਈ ਭਾਈ ਸਮੇਂ ਸਿਰ ਦੀਵਾਨਾਂ ਵਿਚ ਪੁੱਜ ਕੇ ਲਾਹਾ ਲੈਣ, ਇਹੋ ਜਿਹੇ ਸਮਾਗਮ ਕਦੀ ਕਦੀ ਨਸੀਬ ਹੁੰਦੇ ਹਨ।

www.AKJ.Org

੧ ੴ ਸਤਿਗੁਰ ਪ੍ਰਸਾਦਿ ॥

# ਸਾਲਾਨਾ ਅਖੰਡ ਕੀਰਤਨ ਸਮਾਗਮ ਦਿੱਲੀ

ਪਰਮ ਸਤਿਕਾਰਯੋਗ ਖਾਲਸਾ ਜੀਓ !

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

ਹਰ ਸਾਲ ਦੀ ਤਰ੍ਹਾਂ ਇਸ ਸਾਲ ਭੀ ਅਖੰਡ ਕੀਰਤਨ ਦੇ ਅਦੁਤੀ ਸਮਾਗਮ ਦਿਲੀ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹੋਣੇ ਨੀਯਤ ਹੋਏ ਹਨ।

ਇਹਨਾਂ ਸਮਾਗਮਾਂ ਵਿਚ ਗੁਰਪੁਰਵਾਸੀ ਪੰਥ ਰਤਨ ਸ੍ਰੀਮਾਨ **ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ** ਦੇ ਸਮੁੱਚੇ ਅਖੰਡ ਕੀਰਤਨੀ ਜਥੇ ਭਾਰਤ ਵਰਸ਼ ਦੇ ਕੋਨੇ ਕੋਨੇ ਤੋਂ ਦਰਸ਼ਨ ਦੇ ਰਹੇ ਹਨ। ਸਮੂੰਹ ਸੰਗਤਾਂ ਇਹਨਾਂ ਅਦੁਤੀ ਸਮਾਗਮਾਂ ਵਿਚ ਹਾਜ਼ਰੀ ਭਰਕੇ ਲਾਹਾ ਲੈਣ।

## ✣ ਪ੍ਰੋਗਰਾਮ ✣

| — ਸਵੇਰੇ — | — ਸ਼ਾਮ — |
|---|---|
| (੧) ਕੀਰਤਨ ਆਸਾ ਦੀ ਵਾਰ—ਅਰੰਭ ੫ ਵਜੇ | ਪਾਠ ਰਹਿਰਾਸ ਸਾਹਿਬ ਤੇ ਕੀਰਤਨ ੬-੩੦ ਤੋਂ ੯ ਤਕ |
| ੧੧-੧੦-੬੭ ਬੁਧਵਾਰ ਗੁਰਦਵਾਰਾ ਬੰਗਲਾ ਸਾਹਿਬ, ਨਵੀਂ ਦਿਲੀ। | ਗੁਰਦਵਾਰਾ ਬੰਗਲਾ ਸਾਹਿਬ, ਨਵੀਂ ਦਿਲੀ। |
| ੧੨-੧੦-੬੭ ਵੀਰਵਾਰ ਗੁਰਦਵਾਰਾ ਸੀਸ ਗੰਜ ਸਾਹਿਬ, ਦਿਲੀ। | ਗੁਰਦਵਾਰਾ ਬੰਗਲਾ ਸਾਹਿਬ, ਨਵੀਂ ਦਿਲੀ। |
| ੧੩-੧੦-੬੭ ਸ਼ੁਕਰਵਾਰ ਗੁਰਦਵਾਰਾ ਬੰਗਲਾ ਸਾਹਿਬ, ਨਵੀਂ ਦਿਲੀ। | ਗੁਰਦਵਾਰਾ ਬੰਗਲਾ ਸਾਹਿਬ, ਨਵੀਂ ਦਿਲੀ। |
| ੧੪-੧੦-੬੭ ਸ਼ਨੀਚਰਵਾਰ ਗੁਰਦਵਾਰਾ ਬੰਗਲਾ ਸਾਹਿਬ, ਨਵੀਂ ਦਿਲੀ। | |

(੨) ਕੀਰਤਨ ਰੈਣ ਸਬਾਈ—੧੪-੧੦-੬੭ ਸ਼ਨੀਚਰਵਾਰ ੮ ਵਜੇ ਰਾਤ ਤੋਂ ੧੫-੧੦-੬੭ ਐਤਵਾਰ ੬ ਵਜੇ ਸਵੇਰੇ ਤਕ ਗੁਰਦਵਾਰਾ ਰਕਾਬ ਗੰਜ ਸਾਹਿਬ, ਨਵੀਂ ਦਿਲੀ।

(੩) ਅੰਮ੍ਰਿਤ ਸੰਚਾਰ—੧੪-੧੦-੬੭ ਸ਼ਨੀਚਰਵਾਰ ਗੁਰਦਵਾਰਾ ਰਕਾਬ ਗੰਜ ਸਾਹਿਬ ਨਵੀਂ ਦਿਲੀ ਵਿਚ ੨ ਵਜੇ ਦਿਨ ਦੇ ਸ਼ੁਰੂ ਹੋਵੇਗਾ। ਅੰਮ੍ਰਿਤ ਅਭਿਲਾਖੀ ਸਜਣ ਗੁਰਮਰਯਾਦਾ ਅਨੁਸਾਰ ਰਹਿਤ ਸਹਿਤ ਸਮੇਂ ਸਿਰ ਪੁਜ ਕੇ ਇਸ ਅਦੁਤੀ ਦਾਤ ਦੇ ਛਾਂਦੇ ਲੈਣ।

ਨੋਟ:—(੧) ਲੋੜ ਅਨੁਸਾਰ ਪਰਬੰਧ ਵਿਚ ਤਬਦੀਲੀ ਕੀਤੀ ਜਾ ਸਕੇਗੀ।

(੨) ਬਾਹਰੋਂ ਆਉਣ ਵਾਲੀਆਂ ਸੰਗਤਾਂ ਲੋੜ ਅਨੁਸਾਰ ਬਿਸਤਰੇ ਜ਼ਰੂਰ ਨਾਲ ਲਿਆਉਣ ਦੀ ਕਿਰਪਾ ਕਰਨ।

(੩) ਬਾਹਰੋਂ ਆਉਣ ਵਾਲੀਆਂ ਸੰਗਤਾਂ ਦਾ ਉਤਾਰਾ ੫-ਐਲਬਰਟ ਸੁਕੇਅਰ ਗੋਲ ਮਾਰਕੀਟ, (ਬਿਰਲਾ ਮੰਦਰ ਦੀ ਸੜਕ ਤੇ ਰੀਡਿੰਗ ਰੋਡ ਥਾਨੇ ਦੇ ਲਾਗੇ) ਨਵੀਂ ਦਿਲੀ ਵਿਖੇ ਹੋਵੇਗਾ।

ਦਾਸਰੇ—ਅਖੰਡ ਕੀਰਤਨੀ ਜੱਥਾ, ਦਿਲੀ।

www.AKJ.Org

# ਅੰਗਰੇਜ਼ ਰਾਜ ਤੇ ਸਿਖੀ

ਅੰਗਰੇਜ਼ ਭਾਵੇਂ ਹਕੂਮਤ ਕਰਦਾ ਸੀ ਪਰ ਸਿਖੀ ਦੀ ਕਦਰ ਤੇ ਓਸ ਦੇ ਬੂਟੇ ਨੂੰ ਪਾਣੀ ਦੇਂਦਾ ਸੀ, ਹਰਿ ਐਤਵਾਰ ਨੂੰ ਸਭ ਕਰਨਲ ਕਮਾਂਡਿੰਗ ਗੁਰੂਦਵਾਰੇ ਜਾਂਦੇ ਸਨ ਤੇ ਦੇਖਦੇ ਸਨ ਕਿ ਸਿਖ ਸਿਪਾਹੀ ਆਪਣੀ ਸਿਖੀ ਚ ਪੂਰੇ ਹੈਣ, ਕੋਈ ਆਪਣੇ ਧਰਮ ਵਿਚ ਗਲਤੀ ਤਾਂ ਨਹੀਂ ਕਰਦਾ ਆਪਣੀਆਂ ਕੰਪਨੀਆਂ ਵਿਚ ਆਕੇ ਹਰਿ ਐਤਵਾਰ ਪੰਜ ਕਕਾਰ ਦੇਖਦੇ ਸਨ ਅਤੇ ਵਾਲ ਦਾੜ੍ਹੀ ਤੇ ਪੰਜ ਕਕਾਰਾਂ ਦੀ ਜਾਂਚ ਕਰਦੇ, ਤੇ ਜੇ ਕੋਈ ਭੁਲ ਕਰਦਾ ਸੀ ਤਾਂ ਉਸ ਨੂੰ ਸਜ਼ਾ ਦੇਂਦੇ ਸਨ।

ਆਪ ਕਿਸੇ ਪੁਰਾਣੇ ਸਿਖ ਰੀਟਾਇਰ ਸਿਖ ਫੌਜ ਦੇ ਸਿਪਾਹੀ ਕੋਲ ਇਹ ਗਲਾਂ ਦਰਯਾਫਤ ਕਰੋ ਅਤੇ ਸਬੂਤ ਲਵੋ।

## ਕਾਂਗਰਸ ਰਾਜ ਤੇ ਸਿਖੀ—

ਮੈਂ ਆਪ ਆਪਣਾ ਖਿਆਲ ਤੇ ਤਜਰਬਾ ੨੫ ਸਾਲਾਂ ਦਾ ਲਿਖ ਰਿਹਾ ਹਾਂ ਕੋਈ ਸਿਖੀ ਦੀ ਇਸ ਰਾਜ ਵਿਚ ਪਾਲਨਾ ਨਹੀਂ, ਕੋਈ ਰੋਕ ਹੈ ? ਤੂੰ ਕੀ ਕਰ ਰਿਆ ਹੈ, ਤੇ ਨਾ ਕੋਈ ਕਕਾਰਾਂ ਦੀ ਪੁਛ ਹੈ ਬੜੀ ਭਾਰੀ ਆਜ਼ਾਦੀ ਹੈ ਜੇ ਬਾਪ ਨੇ ਕੇਸ ਨਾਮ ਮਾਫਕ ਰਖੇ ਹੈਣ ਤਾਂ ਬਚਿਆਂ ਦੇ ਕੇਸ ਕਟਵਾਕੇ ਸ਼ਾਮ ਨੂੰ ਉਂਗਲੀ ਨਾਲ ਲਗਾਕੇ ਬਾਜ਼ਾਰ ਫਿਰਦਾ ਹੈ, ਤਾਂ ਸ਼ਰਮ ਦੇ ਮਾਰੇ ਸਿਰ ਨੀਚੇ ਕਰਕੇ ਚਲੇ ਜਾਂਦੇ ਹਾਂ ਤੇ ਸਿਖ ਲਫਟੈਨ ਬਨਣ ਸਾਰ ਪਹਿਲੇ ਕੇਸ ਕਟਾਨ ਦੀ ਸੋਚਦਾ ਹੈ ਪਹਿਲੇ ਦਿਨ ਸਿਖ ਦਿਸਦਾ ਹੈ ਦੂਸਰੇ ਦਿਨ ਪਛਾਨ ਕਰਨੀ ਮੁਸ਼ਕਲ ਹੋ ਜਾਂਦਾ ਹੈ ਜੇ ਕੋਈ ਸਿਖ ਅਫਸਰ ਦੂਰੋਂ ਦੇਖੋ ਤਾਂ ਸਿਖ, ਨੇੜੇ ਆਵੇ ਤਾਂ ਸਭ ਦਾਹੜੀ ਕਟੀ ਹੋਈ ਹੈ ਜੇ ਕੋਈ ਮਰਹਟੇ ਨੂੰ ਕਹਿੰਦਾ ਹੈ ਸਿਗਰਟ ਨਾ ਪੀਆ ਕਰੋ ਤੋ ਕਹਿਤਾ ਹੈ ਤੁਮਾਰੇ ਸਰਦਾਰ ਜੀ ਮਿਲਟਰੀ ਕੇ ਪੀਤੇ ਹੈਂ ਔਰ ਹਮ ਰੋਜ਼ ਦੇਖਤੇ ਹੈਂ ਉਸ ਵੇਲੇ ਚੁਪ ਕਰਨਾ ਪੈਂਦਾ ਹੈ। ਮੈਂ ਜੋ ਕੁਛ ਆਪ ਜੀ ਨੂੰ ਲਿਖ ਰਿਹਾ ਹਾਂ ਮੈਨੂੰ ਪਤਾ ਹੈ ਕਿ ਆਪ ਜੀ ਮੇਰੇ ਨਾਲੋਂ ਜ਼ਿਆਦਾ ਜਾਣਦੇ ਹੋ ਆਪ ਦਾ ਮਜ਼ਮੂਨ ਪੜ੍ਹਕੇ ਖੂਨ ਖੌਲਿਆ ਤੇ ਆਪ ਨੂੰ ਲਿਖ ਦਿਤਾ ਹੈ, ਉਮੀਦ ਹੈ ਆਪ ਕੋਈ ਗਲਤੀ ਹੋਵੇ ਤੇ ਮਾਫ਼ ਕਰੋਗੇ।

(ਹਰਕਿਸ਼ਨ ਸਿੰਘ ਦਿਓਲਾਲੀ)

ਜ਼ਰੂਰੀ ਬੇਨਤੀ—ਸੁਹਿਰਦ ਪਾਠਕਾਂ ਅਤੇ ਲੇਖਕਾਂ ਨੂੰ ਇਹ ਸੁਣਕੇ ਖੁਸ਼ੀ ਹੋਵੇਗੀ, ਕਿ ਮਾਸਕ-ਪੱਤਰ "ਸੂਰਾ" ਦਾ ਅਗਲਾ ਪਰਚਾ "ਗੁਰੂ ਨਾਨਕ ਅੰਕ" ਹੋਵੇਗਾ। ਲੇਖਕ ਸਜਣ ਗੁਰੂ ਨਾਨਕ ਸਾਹਿਬ ਦੇ ਜੀਵਨ ਸੰਬੰਧੀ ਲੇਖ ਤੇ ਰਚਨਾਵਾਂ ਛੇਤੀ ਭੇਜਣ ਦੀ ਕ੍ਰਿਪਾਲਤਾ ਕਰਨ।

ਦਾਸ—ਮੈਨੇਜਰ, "ਸੂਰਾ"



www.AKJ.Org

# ਚੜ੍ਹਦੀ ਕਲਾ ਕਿਵੇਂ ਹੋ ਸਕਦੀ ਹੈ ?

( ਗੁਰਪੁਰਵਾਸੀ ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ)

ਅੰਮ੍ਰਿਤ ਛਕ ਕੇ ਪਤਿਤੋਂ ਪਵਿੱਤਰ ਹੋਏ ਪੁਰਸ਼ ਲਈ ਪਰਮ ਜ਼ਰੂਰੀ ਹੈ ਕਿ ਉਸ ਦੇ ਅੰਤਰਿ ਆਤਮੇ ਉਸ ਨੂੰ ਪਵਿੱਤ੍ਰਤਾ ਵਿਚ ਸਦਾ ਸੁਰਜੀਤ ਰੱਖਣ ਵਾਲੀ ਅੰਮ੍ਰਿਤ ਕਣੀ ਹਰ ਦਮ ਸੰਚਰਦੀ ਰਹੇ। ਏਹ ਅੰਮ੍ਰਿਤ ਕਣੀ ਨਾਮ ਦੀ ਹੈ ਇਸ ਦਾ ਸੰਚਰਨ ਨਾਮ ਅਭਿਆਸ ਕਮਾਈਆਂ ਦਾ ਅਤੁਟ ਪਰਵਾਹ ਚਲਾਉਣਾ ਹੈ। ਨਾਮ ਨੂੰ ਹੀ ਸਾਰੀ ਗੁਰਬਾਣੀ ਅੰਮ੍ਰਿਤ ਰੂਪ ਨਿਰੂਪਣ ਕਰਦੀ ਹੈ। ਗੁਰਬਾਣੀ ਭੀ ਅੰਮ੍ਰਿਤ ਰੂਪ ਹੈ। ਅੰਮ੍ਰਿਤਧਾਰੀ ਗੁਰਸਿਖ ਨੂੰ ਅੰਮ੍ਰਿਤ ਛਕਕੇ ਅੰਮ੍ਰਿਤ ਰੂਪ ਗੁਰਬਾਣੀ ਦਾ ਕੀਰਤਨ ਪਾਠ ਅਭਿਆਸ ਅੰਮ੍ਰਿਤ ਨਾਮ ਦਾ ਸੁਆਸਿ ਸੁਆਸਿ ਸਿਮਰਨ ਅਭਿਆਸ ਕਰਨਾ ਅਤੇ ਕਰੀ ਜਾਣਾ ਅਤਿ ਲਾਜ਼ਮੀ ਹੈ, ਤਾਕਿ ਅੰਮ੍ਰਿਤ ਛਕ ਕੇ ਬੀਜ ਬੀਜਿਆ ਅੰਮ੍ਰਿਤ ਚੜ੍ਹਦੇ ਰੰਗਾਂ ਵਿਚ ਨਿਤ ਨਵਲ ਨਵੇਲੇ ਰੰਗਾਂ ਵਿਚ ਪਰਫੁੱਲਤ ਹੁੰਦਾ ਰਹੇ, ਕਦੇ ਘਟੇ ਨਹੀਂ। ਸੋਕਾ ਕਦੇ ਪੈਣ ਨਾ ਦੇਵੇ। ਉਸ ਦਾ ਉਪਾਉ ਕਿਆ ਭਲੀ ਬਿਧਿ ਹੇਠ ਲਿਖਿਆ ਗੁਰਵਾਕ ਦਸਦਾ ਹੈ:—

ਮਾਝ ਮਹਲਾ। ੩।

ਅੰਮ੍ਰਿਤੁ ਨਾਮੁ ਮੰਨਿ ਵਸਾਏ। ਹਉਮੈ ਮੇਰਾ ਸਭੁ ਦੁਖੁ ਗਵਾਏ। ਅੰਮ੍ਰਿਤ ਬਾਣੀ ਸਦਾ ਸਲਾਹੇ। ਅੰਮ੍ਰਿਤ ਅੰਮ੍ਰਿਤੁ ਪਾਵਣਿਆ ॥ ੧ ॥ ਹਉ ਵਾਰੀ ਜੀਉ ਵਾਰੀ ਅੰਮ੍ਰਿਤ ਬਾਣੀ ਮੰਨਿ ਵਸਾਵਣਿਆ ॥ ਅੰਮ੍ਰਿਤ ਬਾਣੀ ਮੰਨਿ ਵਸਾਏ ਅੰਮ੍ਰਿਤ ਨਾਮੁ ਧਿਆਵਣਿਆ ॥ ੧ ॥ ਰਹਾਉ ॥ ਅੰਮ੍ਰਿਤੁ ਬੋਲੈ ਸਦਾ ਮੁਖਿ ਵੈਣੀ ॥ ਅੰਮ੍ਰਿਤੁ ਵੇਖੈ ਪਰਖੈ ਸਦਾ ਨੈਣੀ ॥ ਅੰਮ੍ਰਿਤ ਕਥਾ ਕਹੈ ਸਦਾ ਦਿਨੁ ਰਾਤੀ ਅਵਰਾ ਆਖਿ ਸੁਨਾਵਣਿਆ ॥ ੨ ॥ ਅੰਮ੍ਰਿਤ ਰੰਗਿ ਰਤਾ ਲਿਵ ਲਾਏ ॥ ਅੰਮ੍ਰਿਤੁ ਗੁਰਪਰਸਾਦੀ ਪਾਏ। ਅੰਮ੍ਰਿਤੁ ਰਸਨਾ ਬੋਲੇ ਦਿਨੁ ਰਾਤੀ ਮਨਿ ਤਨਿ ਅੰਮ੍ਰਿਤੁ ਪੀਆਵਣਿਆ ॥ ੩ ॥ ਸੋ ਕਿਛੁ ਕਰੈ ਜੁ ਚਿਤਿ ਨ ਹੋਈ। ਤਿਸ ਦਾ ਹੁਕਮੁ ਮੇਟਿ ਨ ਸਕੈ ਕੋਈ। ਹੁਕਮੇ ਵਰਤੈ ਅੰਮ੍ਰਿਤ ਬਾਣੀ ਹੁਕਮੇ ਅੰਮ੍ਰਿਤੁ ਪੀਆਵਣਿਆ ॥ ੪ ॥ ਅਜਬ ਕੰਮ ਕਰਤੇ ਹਰਿ ਕੇਰੇ ॥ ਇਹੁ ਮਨੁ ਭੂਲਾ ਜਾਂਦਾ ਫੇਰੇ। ਅੰਮ੍ਰਿਤ ਬਾਣੀ ਸਿਉ ਚਿਤੁ ਲਾਏ ਅੰਮ੍ਰਿਤ ਸਬਦਿ ਵਜਾਵਣਿਆ ॥ ੫ ॥ ਖੋਟੇ ਖਰੇ ਤੁਧੁ ਆਪਿ ਉਪਾਏ। ਤੁਧੁ ਆਪੇ ਪਰਖੇ ਲੋਕ ਸਬਾਏ। ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ ॥ ੬ ॥ ਕਿਉਕਰਿ ਵੇਖਾ ਕਿਉ ਸਾਲਾਹੀ। ਗੁਰਪਰਸਾਦੀ ਸਬਦਿ ਸਲਾਹੀ। ਤੇਰੇ ਭਾਣੇ ਵਿਚਿ ਅੰਮ੍ਰਿਤੁ ਵਸੈ ਤੂੰ ਭਾਣੈ ਅੰਮ੍ਰਿਤੁ ਪੀਆਵਣਿਆ ॥ ੭ ॥ ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ। ਸਤਿਗੁਰਿ ਸੇਵਿਐ ਰਿਦੈ ਸਮਾਣੀ। ਨਾਨਕ ਅੰਮ੍ਰਿਤ ਨਾਮੁ ਸਦਾ ਸੁਖਦਾਤਾ ਪੀ ਅੰਮ੍ਰਿਤੁ ਸਭ ਭੁਖ ਲਹਿ ਜਾਵਣਿਆ ॥ ੮ ॥ ੧੫ ॥ ੧੬ ॥



www.AKJ.Org

ਇਸ ਦੀ ਵਿਆਖਿਆ:—

ਅੰਮ੍ਰਿਤ ਨਾਮ ਅਭਿਆਸ ਦੇ ਵਾਪਾਰੀ ਗੁਰੂ ਕੇ ਸੁਚਿਆਰ ਸਿਖ ਦੀ ਰਹਿਤ ਰਹਿਣੀ ਏਹ ਹੋਣੀ ਚਾਹੀਦੀ ਹੈ ਕਿ ਖਿਨ ਖਿਨ ਅੰਮ੍ਰਿਤ ਨਾਮ ਨੂੰ ਰਸਨਰਸ ਮੁਖਾਸੀ ਅਤੇ ਸੁਆਸ ਅਭਿਆਸੀ ਅਜਪਾ ਜਾਪ ਦੁਆਰਾ ਮਨ ਵਿਖੇ ਵਸਾਈ ਰਖੇ ਅਤੇ ਇਸ ਬਿਧਿ ਨਾਮ ਜਪ ਕੇ ਹਉਮੈ ਰੋਗ ਤੋਂ ਉਪੰਨਾ ਹਰ ਪ੍ਰਕਾਰ ਦਾ ਦੁਖ ਦਲਿਦਰ ਦੂਰ ਕਰ ਦੇਵੇ ਅਤੇ ਸਦੀਵ ਕਾਲ ਹੀ ਨਾਮ ਅੰਮ੍ਰਿਤ ਬਾਣੀ ਰੂਪੀ ਅਭਿਆਸ ਕਮਾਈ ਦਾ ਅਮਰ ਫਲ ਸਿੱਟਾ ਇਹ ਨਿਕਲੇਗਾ ਕਿ ਅਭਿਆਸੀ ਜਨ ਅੰਮ੍ਰਿਤ ਹੀ ਅੰਮ੍ਰਿਤ ਦੇ ਗਟਾਕ ਰਸ ਪੀਏਗਾ ਅਤੇ ਉਸ ਦੇ ਮਨ ਤਨ ਹੀਅਰੇ ਸਾਰੇ ਹੀ ਸਰੀਰ ਦੀ ਰੋਮਾਵਲੀ ਤੋਂ ਅੰਮ੍ਰਿਤ ਹੀ ਅੰਮ੍ਰਿਤ ਦੇ ਫੁਹਾਰੇ ਸਫੁਟ ਹੋ ਹੋ ਅੰਦਰੋਂ ਹੀ ਅੰਦਰ ਜੀਉਰਦੇ ਜਾਣਗੇ। (੧) ਸਤਿਗੁਰੂ ਗੁਰੂ ਅਮਰ ਪ੍ਰਕਾਸ਼ੀ ਸਾਹਿਬ ਗੁਰੂ ਅਮਰ ਦੇਵ ਜੀ ਨਾਮ ਅੰਮ੍ਰਿਤ ਬਾਣੀ ਦੇ ਮਨ ਵਸਾਵਣ ਹਾਰੇ ਐਸੇ ਗੁਰੂ ਸਿਖ ਮੀਤ ਪਿਆਰੇ ਤੋਂ ਵਾਰਨੇ ਬਲਿਹਾਰਨੇ ਜਾਂਦੇ ਹਨ, ਜੋ ਅੰਮ੍ਰਿਤ ਨਾਮ ਰੂਪੀ ਅੰਮ੍ਰਿਤ ਬਾਣੀ ਨੂੰ ਮਨ ਵਿਚ ਵਸਾ ਰਸਾ ਤੇ ਰਮਾਕੇ ਫੇਰ ਭੀ ਇਸ ਅੰਮ੍ਰਿਤ ਨਾਮ ਨੂੰ ਧਿਆਈ ਕਮਾਈ ਹੀ ਜਾਂਦਾ ਹੈ। (੧ ਰਹਾਉ) ਅਤੇ ਇਸ ਬਿਧਿ ਧਿਆਵਨਾ ਕਮਾਵਨਾ ਕਰਦਾ ਹੈ ਸੋਈ ਅੰਕ (੨ ਤੇ ੩) ਵਿਚ ਇਉਂ ਵਿਆਖਤ ਹੈ ਕਿ ਸੁਚਿਆਰ ਅਭਿਆਸੀ ਜਦ ਬੋਲਦਾ ਹੈ ਤਾਂ ਮੁਖ ਅਤੇ ਬਚਨ ਦੁਆਰਾ ਅੰਮ੍ਰਿਤ ਹੀ ਬੋਲਦਾ ਹੈ ਭਾਵ ਸਦਾ ਅੰਮ੍ਰਿਤ ਨਾਮ ਬਾਣੀ ਦਾ ਉਚਾਰਨ ਹੀ ਮੁਖ ਬੈਣੀਉਂ ਕਰਦਾ ਰਹਿੰਦਾ ਹੈ। ਇਸ ਬਿਧ ਜਦੋਂ ਉਹ ਅੰਮ੍ਰਿਤ ਨਾਮ ਬਾਣੀ ਦਾ ਰੂਪ ਹੀ ਹੋਇ ਰਹਿੰਦਾ ਹੈ, ਤਾਂ ਇਸ ਅੰਮ੍ਰਿਤ ਨਾਮ ਬਾਣੀ ਨੂੰ ਮੁਖ ਤੋਂ ਬੋਲਣ ਦਾ ਏਹ ਪਾਰਸ ਪ੍ਰਭਾਵੀ ਫਲ ਸਫੁਟ ਹੁੰਦਾ ਹੈ ਕਿ ਉਹ ਆਪਣੇ ਅੰਦਰ ਬਾਹਰ ਪ੍ਰਤੱਖ ਆਪਣੀਆਂ ਅੱਖੀਆਂ ਨਾਲ ਹਰ ਵਕਤ ਅੰਮ੍ਰਿਤ ਵਰਸਦਾ ਹੀ ਪੇਖਦਾ ਪਰਖਦਾ ਨਿਰਖਦਾ ਹੈ, ਅਤੇ ਇਸ ਅੰਮ੍ਰਿਤ ਰਸ ਵਿਚ ਰੱਤ ਰੱਤ ਕੇ ਉਹ ਦਿਨ ਰਾਤ ਇਸ ਅੰਮ੍ਰਿਤ ਨਾਮ ਬਾਣੀ ਦੇ ਅਖੰਡ ਅਭਿਆਸ ਪਾਠ ਕੀਰਤਨ ਰੂਪੀ ਅਕਥ ਕਥਾ ਹੀ ਕਥੀ ਜਾਂਦਾ ਹੈ ਅਤੇ ਹੋਰਨਾਂ ਨੂੰ ਆਖ ਕੇ ਸੁਣਾਈ ਜਾਂਦਾ ਹੈ। ਨਾਮ ਬਾਣੀ ਇਸ ਬਿਧਿ ਕਹੀ ਕੀਤੀ ਕਥੀ ਕਥਾ ਕੀਰਤੀ ਦੇ ਆਖਣ (ਕਥਨ) ਸੁਣਨ ਸੁਣਾਨ ਤੋਂ ਬਿਨਾਂ ਅਠ ਪਹਿਰ ਉਸਦਾ ਹੋਰ ਕੋਈ ਕੰਮ ਨਹੀਂ (੨) ਇਸੇ ਬਿਧਿ ਅੰਮ੍ਰਿਤ ਰੰਗਾਂ ਵਿਚ ਰੱਤਾ ਹੋਇਆ ਅਹਿਨਿਸ ਅੰਮ੍ਰਿਤ ਨਾਮ ਵਿਖੇ ਹੀ ਲਿਵ ਲਾਈ ਰਖਦਾ ਹੈ। ਇਸ ਪ੍ਰਕਾਰ ਦਾ ਅੰਮ੍ਰਿਤ ਅਤੇ ਅੰਮ੍ਰਿਤ ਦਾ ਅਚਰਜ ਸੁਆਦ ਰਹੱਸ ਕੇਵਲ ਗੁਰੂ ਦੇ ਪ੍ਰਸਾਦ ਦੁਆਰਾ ਗੁਰਦੁਆਰਿਓਂ ਪ੍ਰਾਪਤਿ ਹੁੰਦਾ ਹੈ। ਜਿਸ ਜਨ ਉਪਰ ਗੁਰੂ ਦੀ ਕਿਰਪਾ ਹੁੰਦੀ ਹੈ, ਉਸੀ ਜਨ ਨੂੰ ਗੁਰੂ ਦੁਆਰਿਓਂ ਅੰਮ੍ਰਿਤ ਛਕਣ ਦਾ ਸ਼ੁਭ ਅਵਸਰੀ ਸੁਭਾਗ ਪ੍ਰਾਪਤ ਹੁੰਦਾ ਹੈ। ਉਸੇ ਜੌਹਰੀ ਜਨ ਨੂੰ ਅੰਮ੍ਰਿਤ ਨਾਮ ਰੂਪੀ ਰਤਨ ਵਿਹਾਜਣ ਦਾ ਵਿਰਸਾ ਗੁਰਸਰਣਾਗਤੀ ਪੰਜਾਂ ਪਿਆਰਿਆਂ ਦੁਆਰਾ ਮਿਲਦਾ ਹੈ। ਜੋ ਗੁਰਮਤਿ ਨਾਮ ਰੂਪੀ ਅੰਮ੍ਰਿਤ ਵਥ ਨੂੰ ਇਹ ਬਿਧ ਵਿਹਾਜ ਕੇ ਇਸ ਅੰਮ੍ਰਿਤ ਨਾਮ ਦੀਆਂ ਅਤੁਟ ਕਮਾਈਆਂ ਗੁਰ ਹੁਕਮਾਂ ਅਨੁਸਾਰ ਕਰਦੇ ਹਨ, ਉਹਨਾਂ ਉਤੇ ਗੁਰੂ ਸਾਹਿਬ ਦੀ ਅਤ ਤੁੱਠਣੀ ਅਤੇ



www.AKJ.Org

ਕਿਰਪਾ ਪਰਸਾਦਣੀ ਏਹ ਬਖ਼ਸ਼ਸ਼ ਹੁੰਦੀ ਹੈ ਕਿ ਉਹਨਾਂ ਦੇ ਰਿਦੰਤਰਿ ਆਤਮ ਰਸ ਜੋਤਿ ਪਰਕਾਸ਼ ਆਣ ਉਦੇ ਹੁੰਦਾ ਹੈ। ਜਿਸ ਵਿਚ ਮਗਨ ਮਸਤ ਹੋ ਕੇ ਉਹਨਾਂ ਦੀ ਗੁਰ ਪ੍ਰਸਾਦੀ ਅਹਿਨਿਸ ਅੰਤਰਿ ਬਾਹਰਿ ਅੰਮ੍ਰਿਤ ਲਿਵਤਾਰ ਲਗੀ ਰਹਿੰਦੀ ਹੈ। ਇਸ ਅੰਮ੍ਰਿਤ ਲਿਵਤਾਰੀ ਆਤਮ ਰਹੱਸ ਨੂੰ ਪ੍ਰਾਪਤ ਕਰਕੇ ਵੀ ਉਹਨਾਂ ਦੀ ਰਸਨਾ ਇਸ ਅੰਮ੍ਰਿਤ ਨਾਮ ਨੂੰ ਹੀ ਦਿਨ ਰਾਤ ਭਾਖਦੀ ਉਚਰਦੀ ਰਹਿੰਦੀ ਹੈ। ਰਸਨਾ ਕਰ ਕੇ ਅੰਮ੍ਰਿਤ ਨਾਮ ਨੂੰ ਆਖਣ ਭਾਖਣ ਨਾਲ ਉਹਨਾਂ ਦੇ ਆਪਣੇ ਮਨ ਤਨ ਵਿਖੇ ਭੀ ਅੰਮ੍ਰਿਤ ਨਾਮ ਦੀ ਸਰਸ਼ਾਰੀ ਨੈਂ ਵਗ ਤੁਰਦੀ ਹੈ। ਜਿਸ ਵਿਚੋਂ ਭਰ ਭਰ ਕੇ ਅਮਿਓ ਰਸ ਦੇ ਅਪਿਓ ਪਿਆਲੇ ਹਰ ਦੰਮ ਆਪਣੇ ਆਪ ਨੂੰ ਪਿਆਉਂਦੇ ਰਹਿੰਦੇ ਹਨ। ਅਮਿਉ ਰਸਾਇਣੀ ਗੁਰਮੁਖ ਜਨਾਂ ਦੇ ਮੁਖਾਰਬਿੰਦ ਚਿਹਰੇ ਤੋਂ ਭੀ ਅੰਮ੍ਰਿਤ ਰਸ ਚੋ ਚੋ ਪੈਣ ਲਗ ਜਾਂਦਾ ਹੈ ਜਿਸ ਨੂੰ ਪੇਖਿ ਪੇਖਿ ਕੇ ਹੀ ਪੇਖਣਹਾਰੇ ਅਮਿਉ ਰਸਾਇਣੀ ਨਸ਼ਿਆਂ ਵਿਚ ਮਖ਼ਮੂਰ ਹੋ ਜਾਂਦੇ ਹਨ।

ਯਥਾ ਗੁਰਵਾਕ :—

"ਅਮਿਉ ਰਸਾਇਣ ਪੀਵੀਐ ॥
ਮੂਹ ਡਿਠੇ ਜਨ ਕੇ ਜੀਵੀਐ ॥"

ਤਾਂ ਤੇ ਅੰਮ੍ਰਿਤ ਨਾਮ ਦੇ ਅੰਮ੍ਰਿਤ ਸਰਸ਼ਾਰੀਏ ਅਭਿਆਸੀ ਜਨ ਨਾ ਸਿਰਫ਼ ਆਪ ਹੀ ਖਿਨ ਖਿਨ ਅੰਮ੍ਰਿਤ ਦੇ ਗਟਾਕ ਰਸ ਭੁੰਚਦੇ ਹਨ ਬਲਕਿ ਹੋਰਨਾਂ ਨੂੰ ਭੀ ਭੁੰਚਾਉਂਦੇ ਹਨ। ( ੩ )—ਨਾਮ ਅਭਿਆਸੀ ਜਨ ਦੇ ਇਹ ਗਲ ਚਿਤ ਚੇਤੇ ਭੀ ਨਹੀਂ ਹੁੰਦੀ ਕਿ ਉਸ ਦੀ ਦਸ਼ਾ ਉਪਰ ਇਹ ਅਮਿਉ ਰਸਾਇਣ ਅਤੇ ਕ੍ਰਿਪਾ ਕਟਾਕਸ਼ਨੀ ਕਉਤਕ ਵਰਤਣੇ ਹਨ। ਉਸ ਦਾ ਕੰਮ ਤਾਂ ਬਸ ਨਾਮ ਅਭਿਆਸ ਵਿਖੇ ਜੁਟੇ ਰਹਿਣਾ ਹੀ ਹੁੰਦਾ ਹੈ। ਉਸ ਦੀਆਂ ਨਾਮ ਅਭਿਆਸ ਕਮਾਈਆਂ ਉਤੇ ਤੁਠ ਕੇ ਦਾਤਾਰ ਗੁਰੂ ਕਰਤਾਰ ਉਪਰ ਦਸੀਆਂ ਦਾਤਾਂ ਦੀ ਬਖਸ਼ਸ਼ ਕਰਦਾ ਹੈ। ਬਖਸ਼ਿੰਦ ਦਾਤਾਰ ਦਾ ਦਾਤ ਜੋਤ ਮਈ ਹੁਕਮ ਅਮਿਟ ਹੁੰਦਾ ਹੈ। ਇਸ ਨੂੰ ਕੋਈ ਮੇਟ ਨਹੀਂ ਸਕਦਾ ਉਸ ਹੁਕਮੀ ਸਚੇ ਹਾਕਮ ਦੇ ਹੁਕਮ ਅੰਦਰ ਹੀ ਇਹ ਅੰਮ੍ਰਿਤ ਬਾਣੀ ਵਰਤਦੀ ਹੈ ਅਤੇ ਹੁਕਮੇ ਅੰਦਰ ਇਹ ਅੰਮ੍ਰਿਤ ਪੀਵੀ ਪਿਆਈਦਾ ਹੈ। (੪) ਕਰਤੇ ਪੁਰਖ ਪਰਮਾਤਮਾ ਦੇ ਬਿਸਮ ਬਿਨੋਦੀ ਚੋਜ ਅਤੀ ਅਸਚਰਜ ਅਤੇ ਪਰਮ ਅਧਿਭੁਤ ਹਨ ਕਿ ਭੁਲੇ ਜਾਂਦੇ ਅਉਝੜ ਪਏ ਹੋਏ ਬਿਖਈ ਮਨ ਨੂੰ ਅੰਮ੍ਰਿਤ ਨਾਮ ਬਾਣੀ ਦੀ ਗੁਰ-ਪ੍ਰਸਾਦੀ ਟੇਕ ਬਖ਼ਸ਼ ਕੇ ਗੁਰਮਤ ਮਾਰਗੀ ਸੁਮਾਰਗ ਉਤੇ ਫੇਰ ਲਿਆਉਂਦਾ ਹੈ, ਅੰਮ੍ਰਿਤ ਬਾਣੀ ਸਿਉ ਚਿਤ ਲਾਉਣ ਦਾ ਅਚਰਜ ਕ੍ਰਿਸ਼ਮਾ ਏਹ ਵਰਤਦਾ ਹੈ ਕਿ ਉਸ ਦੇ ਦਸਮ ਦੁਆਰ ਵਿਖੇ ਅਨਹਤੀ ਅੰਮ੍ਰਿਤ ਧੁੰਨਕਾਰ ਇਸ ਨਾਮ ਗੁਰਸ਼ਬਦ ਦੇ ਪਾਰਸ ਪਰਤਾਪ ਦੁਆਰਾ ਆਣ ਵਜਦੀ ਹੈ। (੫) ਭੁਲੇ ਜਾਂਦੇ ਮਨ ਨੂੰ ਇਸ ਅਚਰਜ ਫੇਰਨੀ ਫੇਰਕੇ ਆਪਣੇ ਜੋਤਿ ਸਰੂਪੀ ਮੂਲ ਅਸਲੇ ਮਈ ਸਨਾਤਨ ਰੂਪ ਵਿਚ ਲਿਆ ਪਲਟਾਵਨਾ ਗੁਰਮਤਿ ਨਾਮ ਦਾ ਹੀ ਕ੍ਰਿਸ਼ਮਾ ਹੈ। ਕੇਵਲ ਇਸ ਕ੍ਰਿਸ਼ਮੇ ਦੁਆਰਾ ਹੀ ਸਨਮੁਖੀ ਜੀਵ ਖੋਟਿਓਂ ਖਰੇ ਹੋ ਜਾਂਦੇ ਹਨ ਅਤੇ ਇਹ ਕ੍ਰਿਸ਼ਮਾ ਰਸਾਇਣੀ ਪਾਰਸ ਇਕ ਵਾਰ ਪਰਸਿਆਂ ਹੀ ਕਾਫ਼ੀ ਨਹੀਂ।



www.AKJ.Org

ਇਸ ਨਾਮ ਅੰਮ੍ਰਿਤ ਰੂਪੀ ਪਾਰਸ ਰਸਾਇਣੀ ਕ੍ਰਿਸ਼ਮੇ ਨੂੰ ਖਿਨ ਖਿਨ ਕ੍ਰਿਸ਼ਮਣ ਦੀ ਲੋੜ ਹੈ। ਜੇ ਨਾ ਖਿਨ ਖਿਨ ਪਰਸੇ ਅਤੇ ਇਕ ਵਾਰ ਪਰਸ ਕੇ ਫੇਰ ਕਦੇ ਨਾ ਪਰਸੇ ਤਾਂ ਪਾਰਸ ਕਲਾ ਭੂਤੀ ਅੰਮ੍ਰਿਤ ਰਸਾਇਣ ਅਮਰ ਜੀਵਨੀ ਪ੍ਰਭਾਵ ਨਹੀਂ ਵਰਤਾ ਸਕਦਾ। ਚੜ੍ਹਦੀ ਕਲਾ ਤੋਂ ਢਹਿਦੀ ਕਲਾ ਹੋ ਜਾਂਦੀ ਹੈ ਅਤੇ ਸਮਾਂ ਪਾਕੇ ਖੜ੍ਹਦੀ ਕਲਾ ਤੋਂ ਢਹਿੰਦੀ ਅਤੇ ਨਿਘਰਦੀ ਕਲਾ ਦੀ ਨਿਘਰੋ ਸਿਘਰੀ ਆ ਜਾਂਦੀ ਹੈ। ਬਸ ਜੋ ਮਨ ਉਲਟ ਸਨਾਤਨ ਹੋ ਕੇ ਖੋਟਿਓਂ ਖਰਾ ਬਣਿਆ ਸੀ, ਓਹੀ ਫੇਰ ਖਰਿਓਂ ਖੋਟਾ ਹੋ ਜਾਂਦਾ ਹੈ। ਨਾਮੁ ਅੰਮ੍ਰਿਤ ਰੂਪੀ ਪਾਰਸ ਦੀ ਪਰਸ ਤੋਂ ਖੀਨ ਹੋ ਕੇ ਏਹੀ ਹਵਾਲ ਹੋਇ ਜਾਂਵਦੇ ਹਨ। ਨਾਮ ਦੇ ਸਨਮੁਖ ਅਭਿਆਸੀ ਹੋਣ ਦਾ ਪਾਰਸ ਫਲ ਪਰਦਾਤੇ ਵਲੋਂ ਇਹ ਮਿਲਦਾ ਹੈ ਕਿ ਅੰਮ੍ਰਿਤ ਨਾਮ ਅਭਿਆਸ ਪ੍ਰਾਇਣੀ ਗੁਰ ਸਨਮੁਖ ਸਿਖ ਖੋਟਿਓਂ ਖਰਾ ਹੋ ਜਾਂਦਾ ਹੈ। ਨਾਮ ਤੋਂ ਬੇਮੁਖ ਹੋਇਆਂ ਇਹ ਫਲ ਮਿਲਦਾ ਹੈ ਕਿ ਉਹ ਫੇਰ ਖਰਿਓਂ ਖੋਟਾ ਹੋ ਜਾਂਦਾ ਹੈ, ਆਪੋ ਆਪਣੇ ਕਰਮਾਂ ਦਾ ਫਲ ਸਭ ਨੂੰ ਮਿਲਦਾ ਹੈ, ਅਤੇ ਇਹਨਾਂ ਕਰਮਾਂ ਦੇ ਫਲ ਅਧੀਨ ਹੀ ਕਰਤੇ ਪੁਰਖ ਵਲੋਂ ਖਰੇ ਖੋਟੇ ਪੁਰਸ਼ਾਂ ਦਾ ਉਪਾਵਣਾ ਹੁੰਦਾ ਹੈ, ਸੋਈ ਭਾਵ ਇਸ ਸ਼ਬਦ ਦੀ ਛੇਵੀਂ ਤੁਕ ਵਿਚ ਨਿਰਣਤ ਹੈ। ਖੋਟੇ ਖਰੇ ਪੁਰਸ਼ ਓਸ ਨੇ ਆਪ ਹੀ ਉਪਾਏ ਹਨ ਅਤੇ ਖੋਟੇ ਖਰੇ ਦੀ ਪਰਖ ਭੀ ਆਪ ਹੀ ਕੀਤੀ ਹੈ ਅਤੇ ਇਸ ਪਰਖ ਦੁਆਰਾ ਕਰਤੇ ਪੁਰਖ ਨੇ ਸਮੂਹ ਲੋਕ ਪਰਖੇ ਹਨ। ਖਰਿਆਂ ਨੂੰ ਤਾਂ ਪਰਖ ਕੇ ਖਜ਼ਾਨੇ ਪਾ ਲਿਆ ਹੈ ਅਤੇ ਖੋਟਿਆਂ ਨੂੰ ਫੇਰ ਭਰਮ ਭੁਆਟਣੀਆਂ ਮਿਲਦੀਆਂ ਹਨ ਤੇ ਚੁਰਾਸੀ ਦੇ ਗੇੜ ਵਿਚ ਭੁਆਉਂਦਾ ਹੈ। ਪਿਛਲੀ ਲੜੀ ਫੇਰ ਫੜਾਇਕੇ ਅਗਲੀ ਪੰਗਤੀ ਓਸੇ ਗਲ ਨੂੰ ਫੇਰ ਨਿਰਣਾਉਂਦੀ ਹੈ ਗੁਰੂ ਅਕਾਲ ਪੁਰਖ ਦੇ ਭਾਣੇ ਵਿਚ ਹੀ ਅੰਮ੍ਰਿਤ ਵਸਦਾ ਹੈ ਅਤੇ ਭਾਣੇ ਅੰਦਰ ਹੀ ਓਹ ਜਿਸ ਕਿਸੇ ਦੇ ਭਾਗ ਕਰਮਾਂ ਅਨੁਸਾਰ ਜਗਾਉਂਦਾ ਹੈ ਓਸੇ ਨੂੰ ਅੰਮ੍ਰਿਤ ਪੀਆਵੰਦਾ ਹੈ। ਇਸ ਅੰਮ੍ਰਿਤ ਕਲਾਧਾਰੀ ਨਾਮੀ ਨੂੰ ਵੇਖੇ ਪਰਤੱਖ ਵੇਖੇ ਬਿਨਾਂ ਕਿਵੇਂ ਸਾਲਾਹਿਆ ਜਾਵੇ। ਵੇਖੇ ਬਾਝੋਂ ਪਤੀਜ ਨਹੀਂ ਆਉਂਦੀ। ਪਤੀਜੇ ਬਿਨਾਂ ਸਲਾਹੁਣ ਦੀ ਹਲਾਸ਼ੇਰੀ ਨਹੀਂ ਉਪਜਦੀ, ਅਤੇ ਆਪੇ ਵੇਖਣਾ ਅਤੇ ਸਲਾਹੁਣਾ ਅਤੀ ਸੰਭਵ ਹੈ,ਇਹ ਤਾਂ—

"ਗੁਰਪਰਸਾਦੀ ਸਬਦਿ ਸਾਲਾਹੀ।"

ਗੁਰ ਪ੍ਰਸਾਦੁ ਕਰੇ, ਨਾਮ ਦੇਵੇ ਤਾਂ ਨਾਮੀ ਇਸ ਨਾਮ ਸ਼ਬਦ ਦੁਆਰਾ ਸਾਲਾਹਿਆ ਜਾਵੇ ਤਾਂ ਘਾਲ ਥਾਇ ਪਵੇ ਅਤੇ ਅਤੁਟ ਸ਼ਬਦ ਕਮਾਈਆਂ ਹੋਣ, ਇਸ ਬਿਧਿ ਉਸ ਦੇ ਭਾਣੇ ਅੰਦਰ ਹੁਕਮ ਰਜਾਈ ਚਲਿਆਂ :—

'ਸਿਫਤ ਸਾਲਾਹੁਣ ਤੇਰਾ ਹੁਕਮ ਰਜਾਈ।'

ਦੇ ਗੁਰਵਾਕ ਅਨੁਸਾਰ ਪੂਰਨ ਅੰਮ੍ਰਿਤ ਕਲਾ ਵਰਤਦੀ ਹੈ (੭) ਅਤੇ ਪਰਤੱਖ ਪ੍ਰਤੀਤ Realise ਹੁੰਦਾ ਹੈ ਕਿ ਸਚ ਮੁਚ ਇਹ ਗੁਰ ਸ਼ਬਦ ਨਾਮ ਗੁਰਮੰਤ੍ਰ ਅੰਮ੍ਰਿਤ ਸਰੂਪ ਅਤੇ ਅੰਮ੍ਰਿਤ ਕਲਾ ਸੰਪੰਨ ਹੈ ਅਤੇ ਏਹੋ ਨਾਮੁ ਅੰਮ੍ਰਿਤ ਹੀ ਅੰਮ੍ਰਿਤ ਬਾਣੀ ਸਰੂਪ ਹੈ ਅਤੇ ਸਤਿਗੁਰ ਦਾ ਸੇਵਕ ਸਿਖ ਬਣ ਕੇ ਇਸ ਅੰਮ੍ਰਿਤ ਦਾ ਰਿਦੰਤਰਿ ਸਮਾਉਣਾ ਹੁੰਦਾ ਹੈ। ਇਸ ਅੰਮ੍ਰਿਤ ਨੂੰ ਹਿਰਦੇ ਅੰਤਰਿ ਸਦਾ ਸਰਸ਼ਾਰ ਲਹਿ ਲਹਾਉਂਦਾ ਰਖਣ ਲਈ ਅੰਮ੍ਰਿਤ ਦਾ ਸਦੀਵੀ ਜਾਪ ਅਭਿਆਸ ਹੀ ਸਦਾ ਸੁਖ ਦਾਤਾ ਹੈ। ਸਚ ਮੁਚ ਇਸ ਅੰਮ੍ਰਿਤ ਨੂੰ ਪੀ ਪੀ ਸਭ ਭੁਖਾਂ ਲਹਿ ਜਾਂਦੀਆਂ ਹਨ। (ਚਲਦਾ)



www.AKJ.Org

# ਰਹਿਤ ਅਤੇ ਇਸਤ੍ਰੀ ਪ੍ਰੇਮ

(ਭਾਈ ਗੁਰਚਰਨ ਸਿੰਘ ਜੀ ਐਮ.ਏ. ਨੂਰ ਮਹਿਲ)

ਭਾਵੇਂ ਕਹਿਣ ਮਾਤਰ ਸਿਖ ਕੌਮ ਲੱਖਾਂ ਦੀ ਗਿਣਤੀ ਵਿਚ ਹੈ, ਪਰ ਅਜੋਕੇ ਯੁਗ ਵਿਚ ਸਿਖ ਪੰਥ ਅੰਦਰ ਵਿਰਲੇ ਹੀ ਜੋੜੇ ਹਨ, ਜੋ ਸਤਿਗੁਰੂ ਦ੍ਰਿੜਾਈ ਰਹਿਤ-ਬਹਿਤ ਨੂੰ ਪੂਰੇ ਪਿਆਰ,ਸਤਿਕਾਰ ਅਤੇ ਦ੍ਰਿੜਤਾ ਨਾਲ ਨਿਭਾਉਂਦੇ ਹਨ। ਇਹ ਆਮ ਵੇਖਣ ਵਿਚ ਆਉਂਦਾ ਹੈ ਕਿ ਵਡੇ ਵਡੇ ਕਹਿੰਦੇ ਕਹਾਉਂਦੇ ਸਿਖ ਲੀਡਰਾਂ ਤੇ ਜਥੇਦਾਰਾਂ ਦੀਆਂ ਅਰਧੰਗੀਆਂ ਗੁਰਮਤਿ ਰਹਿਤ ਬਹਿਤ ਵਲੋਂ ਕੋਰੀਆਂ ਹੀ ਹੁੰਦੀਆਂ ਹਨ। ਭਾਵੇਂ ਕਲਜੁਗੀ ਅਸਰ ਕਰਕੇ ਕੋਈ ਵਿਰਲਾ ਹਰਾ ਬੂਟਾ ਹੀ ਕਲਜੁਗੀ ਅੱਗ ਤੋਂ ਬਚ ਸਕਦਾ ਹੈ, ਪਰ ਆਪਣੇ ਆਪ ਨੂੰ ਗੁਰਸਿੱਖ ਕਹਾਉਣ ਵਾਲੇ ਗੁਰਮੁਖਾਂ ਦਾ ਅੱਧਾ ਅੰਗ ਰਹਿਤ-ਰਹਿਣੀ ਵਲੋਂ ਪੂਰਾ ਹੋਣਾ ਅਤੀ ਜ਼ਰੂਰੀ ਹੈ।

ਖਾਲਸਾ ਪੰਥ ਵਿਚ ਕਈ ਜਥੇ ਪ੍ਰਚਲਤ ਹਨ, ਜੋ ਵੱਖ ਵੱਖ ਮਹਾਂਪੁਰਸ਼ਾਂ ਦੀ ਨਾਮ ਕਮਾਈ ਦਾ ਸਦਕਾ ਹੋਂਦ ਵਿਚ ਆਏ ਹੋਏ ਹਨ। ਭਾਵੇਂ ਹਰ ਜਥੇ ਦੀ ਮਰਯਾਦਾ ਦੂਜੇ ਨਾਲੋਂ ਕੁਝ ਵਖਰੀ ਹੁੰਦੀ ਹੈ, ਪਰ ਮੁਢਲੇ ਸਿਧਾਂਤਾਂ ਵਲੋਂ ਸਾਰਿਆਂ ਦਾ ਆਧਾਰ ਗੁਰਬਾਣੀ ਹੀ ਹੈ, ਪਰ ਇਹ ਆਮ ਵੇਖਣ ਵਿਚ ਆਉਂਦਾ ਹੈ ਕਿ ਅੰਮ੍ਰਿਤ ਛਕਾਉਣ ਵੇਲੇ ਜਾਂ ਨਾਮ ਦੇਣ ਵੇਲੇ ਗੁਰਮਤਿ ਅਸੂਲਾਂ ਨੂੰ ਇਸਤਰੀ ਜਾਤੀ ਉਤੇ ਏਨੀ ਕਰੜਾਈ ਨਾਲ ਲਾਗੂ ਨਹੀਂ ਕੀਤਾ ਜਾਂਦਾ, ਜਿੰਨੀ ਕਰੜਾਈ ਮਰਦ ਜਾਤੀ ਲਈ ਵਰਤੀ ਜਾਂਦੀ ਹੈ। ਏਸੇ ਕਰੜਾਈ ਦੀ ਅਣਹੋਂਦ ਕਰਕੇ ਆਮ ਜਥਿਆਂ ਵਿਚ ਇਸਤ੍ਰੀ ਜਾਤੀ ਗੁਰਮਤਿ ਰਹਿਤ ਬਹਿਤ ਵਲੋਂ ਲਾਪ੍ਰਵਾਹੀ ਵਰਤ ਰਹੀ ਹੈ ਤੇ ਇਸੇ ਢਿਲ ਕਰ ਕੇ ਮਰਦ ਵੀ ਆਤਮਿਕ ਤੌਰ ਤੇ ਉੱਚੇ ਨਹੀਂ ਉਠ ਸਕਦੇ।

ਭਾਵੇਂ ਇਸ ਢਿਲ ਦਾ ਕਾਰਨ ਜਥੇ ਦੇ ਪ੍ਰਚਾਰਕਾਂ ਵਲੋਂ ਨਰਮਾਈ ਵੀ ਹੋ ਸਕਦੀ ਹੈ, ਪਰ ਵਡਾ ਕਾਰਨ ਇਸਤ੍ਰੀ ਜਾਤੀ ਦੀ ਨਿੱਜੀ ਕਮਜ਼ੋਰੀ ਹੈ, ਜੋ ਕਲਜੁਗੀ ਅਸਰਾਂ ਕਰਕੇ ਜਾਂ ਲੋਕ ਲਾਜੀ ਅਸਰਾਂ ਕਰਕੇ ਪੂਰੀ ਰਹਿਤ ਬਹਿਤ ਨਹੀਂ ਰਖਦੀ। ਮੇਰੀ ਸਮਝ ਵਿਚ ਜਿਹੜੀ ਇਸਤ੍ਰੀ ਜਾਂ ਸਿੰਘਣੀ ਅੰਮਿਰਤ ਛਕਣ ਤੋਂ ਪਿਛੋਂ ਵੀ ਸਤਿਗੁਰੂ ਦੇ ਸਾਰੇ ਹੁਕਮਾਂ ਨੂੰ ਅਮਲੀ ਜੀਵਨ ਵਿਚ ਨਹੀਂ ਲਿਆਉਂਦੀ, ਉਹ ਨਿਰਾ ਆਪਣਾ ਜੀਵਨ ਹੀ ਬੇਅਰਥ ਨਹੀਂ ਗੁਆਉਂਦੀ, ਸਗੋਂ ਇਸ ਲੋਕ



www.AKJ.Org

ਵਿਚ ਉਹ ਆਪਣੇ ਪਤੀ ਤੇ ਬਚਿਆਂ ਨੂੰ ਸਚੇ ਦਿਲੋਂ ਪਿਆਰ ਵੀ ਨਹੀਂ ਕਰਦੀ। ਸਹੀ ਅਰਥਾਂ ਵਿਚ ਉਹ ਲੋਕ ਲਾਜ ਜਾਂ ਲੋਕ ਦ੍ਰਿਸ਼ਟੀ ਨੂੰ ਹੀ ਝੂਠਾ ਤੇ ਕਪਟੀ ਜਿਹਾ ਘਟੀਆ ਪਿਆਰ ਕਰਦੀ ਹੈ, ਜੋ ਉਸ ਦਾ ਲੋਕ ਪ੍ਰਲੋਕ ਖਰਾਬ ਕਰਦਾ ਹੈ।

ਇਕ ਗਰਿਸਤੀ ਜੋੜੇ ਵਿਚ ਇਕ (ਮਰਦ) ਸਿੰਘ ਗੁਰੂ ਦ੍ਰਿੜਾਈ ਰਹਿਤ ਰਖਦਾ ਹੈ, ਨਿਤਨੇਮ ਕਰਦਾ ਹੈ, ਕੀਰਤਨ ਅਖਾੜੇ ਵਿਚ ਜਾ ਕੇ ਗੁਰਬਾਣੀ ਸੁਣਦਾ ਅਤੇ ਨਾਮ ਅਭਿਆਸ ਕਰਦਾ ਹੈ, ਪਰ ਉਸ ਦੀ ਅਰਧੰਗੀ ਨਿਤਨੇਮ, ਕੀਰਤਨ ਨੂੰ ਇਕ ਵਾਧੂ ਜਿਹਾ ਕਰਮ ਸਮਝਦੀ ਹੈ। ਹੋਰ ਰਿਸ਼ਤੇਦਾਰੀਆਂ ਦੇ ਕਰਮ ਨਿਭਾਉਣ ਵਿਚ ਤਾਂ ਉਹ ਪੂਰੀ ਸਾਵਧਾਨੀ ਵਰਤਦੀ ਹੈ, ਪਰ ਗੁਰੂ ਹੁਕਮ ਨਿਭਾਉਣਾ ਇਕ ਵਾਧੂ ਕਰਮ ਜਾਂ ਭਾਰ ਸਮਝਦੀ ਹੈ ਮੇਰੀ ਸਮਝ ਵਿਚ ਅਜਿਹੀਆਂ ਇਸਤਰੀਆਂ ਪਾਪੀ ਹਨ। ਜਿਨ੍ਹਾਂ ਨੂੰ ਆਪਣੇ ਗੁਰੂ ਦੀ ਉਹ ਰਹਿਤ ਰਖਣੀ ਔਖੀ ਲਗਦੀ ਹੈ, ਜੋ ਉਹਨਾਂ ਦੇ ਗੁਰਮੁਖ ਪਤੀ ਰਖ ਰਹੇ ਹਨ।

ਇਕ ਇਸਤਰੀ ਦਾ ਪਤੀ ਪੰਜੇ ਰਹਿਤਾਂ ਧਾਰਨੀ ਹੈ। ਨਿਤਨੇਮੀ ਕਰਦਾ ਹੈ, ਸੰਗਤ ਕਰਦਾ ਹੈ, ਪਰ ਉਹ ਇਸਤਰੀ ਏਸ ਕਰਕੇ ਕਿਰਪਾਨ ਨਹੀਂ ਪਾਉਂਦੀ, ਕਿਉਂਕਿ ਸਾਧਾਰਨ ਕਾਰ ਵਿਹਾਰ ਵਿਚ ਕੁਝ ਰੁਕਾਵਟ ਪਾਉਂਦੀ ਹੈ। ਰਾਤ ਨੂੰ ਸੌਣ ਵੇਲੇ ਕਈ ਵਾਰੀ ਚੁਭਦੀ ਹੈ, ਪਰ ਕੀ ਸਾਰੀ ਉਮਰ ਲੋਕ ਲਾਜ ਦੀ ਖ਼ਾਤਰ ਕੀਤੇ ਕਰਮ ਸਾਨੂੰ ਬਹੁਤੀ ਵਾਰੀ ਹੀਣਾ ਨਹੀਂ ਕਰਦੇ ? ਕੀ ਲੋਕਾਂ ਦੀ ਮਾਇਕ ਗਰਜ਼ਾਂ ਦੀਆਂ ਬੋਲੀਆਂ ਸਾਨੂੰ ਸਾਰੀ ਉਮਰ ਚੋਭਵੀਆਂ ਨਹੀਂ ਲਗਦੀਆਂ ? ਇਕ ਅੰਮ੍ਰਿਤਧਾਰੀ ਇਸਤਰੀ ਗੁਰੂ ਦੀ ਸਿਰਕਢ ਤੇ ਮੁਖ ਰਹਿਤ ਕੇਸਕੀ ਇਸ ਕਰਕੇ ਨਹੀਂ ਸਜਾਉਂਦੀ, ਕਿਉਂਕਿ ਬਹੁਤੀਆਂ ਇਸਤਰੀਆਂ ਨਹੀਂ ਸਜਾਉਂਦੀਆਂ। ਦਸਮ-ਦੁਆਰ ਤੇ ਜਟਾ-ਜੂਟ ਜੂੜਾ ਕਰਕੇ ਕੇਸਕੀ ਦੀ ਰਹਿਤ ਇਸ ਕਰਕੇ ਨਹੀਂ ਰਖਦੀ, ਕਿਉਂਕਿ ਉਹ ਦੁਨੀਆਂ ਨੂੰ ਚੰਗੀ ਨਹੀਂ ਲਗਦੀ,ਪਰ ਅਜਿਹੀਆਂ ਢਿਲੜ ਬੀਬੀਆਂ ਨੂੰ ਯਾਦ ਰਖਣਾ ਚਾਹੀਦਾ ਹੈ ਕਿ ਅਜਿਹੀਆਂ ਰਹਿਤ-ਹੀਣ ਬੀਬੀਆਂ ਨਾਂ ਹੀ ਦੁਨੀਆਂ ਨਾਲ ਪਿਆਰ ਕਰਦੀਆਂ ਹਨ, ਨਾਂ ਪਤੀ ਪਰਮੇਸ਼ਰ ਨਾਲ ਅਤੇ ਨਾਂ ਹੀ ਗੁਰੂ ਨਾਲ। ਅਸਲ ਵਿਚ ਉਹਨਾਂ ਨੂੰ ਪ੍ਰੇਮ ਦੇ ਠੀਕ ਅਰਥਾਂ ਦਾ ਪਤਾ ਹੀ ਨਹੀਂ ਹੁੰਦਾ। ਕੇਵਲ ਝੂਠੀ ਲੋਕ-ਲਾਜ ਕਰਕੇ ਉਹ ਲੋਕ-ਪ੍ਰਲੋਕ ਗਵਾ ਰਹੀਆਂ ਹਨ।

## ਭਾਈ ਸਾਹਿਬ ਜੀ ਦੀਆਂ ਹਥ-ਲਿਖਤਾਂ ਚਿੱਠੀਆਂ ਪੱਤਰ ਤੇ ਘਟਨਾਵਾਂ ਉਹਨਾਂ ਦੀ ਜੀਵਨ ਲਈ ਲੋੜੀਂਦੀਆਂ ਹਨ

ਇਕ ਲੇਖਕ ਤੇ ਵਿਦਵਾਨ ਸੱਜਣ ਜੀ ਵਲੋਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਜੀਵਨ ਚਰਿੱਤ੍ਰ ਲਿਖਣ ਲਈ ਉਦਮ ਕੀਤਾ ਗਿਆ ਹੈ, ਜਿਸ ਲਈ ਭਾਈ ਸਾਹਿਬ ਜੀ ਨਾਲ ਮਿਲਣ ਵਾਲੇ ਪ੍ਰੇਮੀਆਂ ਦੀ ਸੇਵਾ ਵਿਚ ਬੇਨਤੀ ਹੈ ਕਿ, ਜਿਨ੍ਹਾਂ ਸਜਣਾਂ ਪਾਸ ਉਹਨਾਂ ਦੀਆਂ ਲਿਖਤਾਂ ਚਿੱਠੀ ਪੱਤਰ ਆਦਿ ਹੋਵੇ ਤੇ ਜਿਨ੍ਹਾਂ ਨੂੰ ਵਾਪਰੀਆਂ ਘਟਨਾਵਾਂ ਦੀ ਯਾਦ ਹੋਵੇ, ਉਹ ਮੈਨੇਜਰ 'ਸੂਰਾ' ਨੂੰ ਭੇਜਣ ਦੀ ਕ੍ਰਿਪਾਲਤਾ ਕਰਨ।

ਦਾਸ—ਮੈਨੇਜਰ



www.AKJ.Org

# ਸਿਖਾਂ ਵਿਚ ਸੁਧਾਰਕ ਲਹਿਰ ਦੀ ਲੋੜ

( ਭਾਈ ਕੁੰਦਨ ਸਿੰਘ ਜੀ ਗਵਾਲੀਅਰ )

ਦੁਨੀਆਂ ਵਿਚ ਵਿਦਿਆ ਦੇ ਆਮ ਹੋ ਜਾਣ ਨਾਲ ਜਾਗ੍ਰਿਤਾ ਆ ਗਈ ਹੈ। ਇਕ ਥਾਂ ਤੋਂ ਦੂਜੇ ਥਾਂ ਉਤੇ ਔਣ ਜਾਣ ਦੇ ਤਤ ਪਰ ਸਾਧਨ ਹੋਣ ਕਾਰਨ ਕੌਮ ਤੇ ਹਰ ਦੇਸ਼ ਇਕ ਦੂਸਰੇ ਦੇ ਨੇੜੇ ਆਗਿਆ ਹੈ। ਸਤਿਗੁਰੂ ਨਾਨਕ ਦੇਵ ਜੀ ਨੇ ਦਿਸਦੇ ਤੇ ਅਣ ਦਿਸਦੇ ਸੰਸਾਰ ਵਿਚ ਬਹੁਤ ਰਟਨ ਕੀਤਾ ਹੈ। ਗੁਰੂ ਸਾਹਿਬਾਂ ਤੇ ਸਿਖ ਸ਼ਹੀਦਾਂ ਨੇ ਹੈਰਾਨ ਕਰ ਦੇਣ ਵਾਲੀਆਂ ਕੁਰਬਾਨੀਆਂ ਦਿਤੀਆਂ ਹਨ। ਇਸ ਤੋਂ ਬਿਨਾ ਸੁਭਾਵਿਕ ਤੌਰ ਤੇ ਸਿੱਖ ਮਿਹਨਤੀ ਹੋਣ ਕਾਰਨ ਲਗ ਪਗ ਸਾਰੀ ਦੁਨੀਆਂ ਵਿਚ ਪਹੁੰਚ ਗਏ ਹਨ। ਇਨ੍ਹਾਂ ਕਾਰਨਾਂ ਕਰਕੇ ਸਾਰਾ ਸੰਸਾਰ ਸਿਖਾਂ ਤੋਂ ਜਾਣੂ ਹੋ ਗਿਆ ਹੈ। ਜਦੋਂ ਦੂਰ ਬੈਠਾ ਹੋਇਆ ਕੋਈ ਅਨਸਿਖ ਵਿਚਾਰਵਾਨ ਸਾਡੇ ਭੂਤ ਕਰਮ ਵੇਖਦਾ ਹੈ ਤੇ ਉਹਦਾ ਮਨ ਬਦੋ ਬਦੀ ਸਿਖੀ ਵਲ ਪਰੇਰਤ ਹੋ ਜਾਂਦਾ ਹੈ ਤੇ ਗੁਰਮਤ ਬਾਰੇ ਸ਼ਰਧਾ ਪੈਦਾ ਹੋ ਜਾਂਦੀ ਹੈ। ਪਰੰਤੂ ਸਾਡੇ ਵਰਤਮਾਨ ਕਰਮ ਸੰਸਾਰ ਦੇ ਸਾਹਮਣੇ ਹਨ। ਇਨ੍ਹਾਂ ਕਰਮਾਂ ਤੋਂ ਸਾਡੀ ਜਾਂਚ ਹੋ ਰਹੀ ਹੈ । ਜੋ ਰਾਏ ਸਾਡੇ ਵਡੇਰਿਆਂ ਦੇ ਕਾਰਨਾਮੇ ਵੇਖ ਕੇ ਲੋਕੀਂ ਬਣੌਂਦੇ ਹਨ ਉਹ ਸਾਡੇ ਹੁਣ ਦੇ ਨਿਤਾ ਕਰਮ ਵੇਖ ਕੇ ਆਪਣੀ ਰਾਏ ਬਦਲ ਲੈਂਦੇ ਹਨ। ਇਸ ਕਰਕੇ ਅਸੀਂ ਆਪਣੇ ਕਰਮਾਂ ਦਵਾਰਾ ਆਪਣੇ ਸਤਿਗੁਰੂਆਂ ਦਾ ਤੇ ਪੂਜਨੀਕ ਸਿਖ ਸ਼ਹੀਦਾਂ ਦਾ ਵਕਾਰ ਘਟਾ ਰਹੇ ਹਾਂ । ਇਹ ਜ਼ੁਮੇਵਾਰੀ ਸਾਡੀ ਹੈ ਕਿ ਅਸੀਂ ਸਮੂੰਹ ਗੁਰਮਤ ਦਾ ਸਤਿਕਾਰ ਰਹਿਣ ਦਈਏ ਜਾਂ ਗਵਾ ਦਈਏ। ਸਿੱਖੀ ਪਰਚਾਰ ਦੇ ਸੋਮੇ ਸਾਡੇ ਗੁਰਦਵਾਰੇ ਹਨ ਜੋ ਬੜੀ ਗੰਦੀ ਤੇ ਕੋਝੀ ਧੜੇ ਬੰਦੀ ਦੇ ਅੱਡੇ ਬਣੇ ਹੋਏ ਹਨ। ਗੁਰਦੁਆਰਾ ਕਮੇਟੀਆਂ ਦੇ ਮੈਂਬਰ ਤੇ ਅਹੁਦੇਦਾਰ ਬਣਨ ਦੇ ਕੋਈ ਨੇਮ ਨਹੀਂ ਹਨ। ਨੀਵੇਂ ਆਚਰਣ ਦਾ ਬੰਦਾ ਵੀ ਜੇ ਉਹਦੇ ਕੋਲ ਖੁਲੀ ਦੌਲਤ, ਸ਼ਰਾਬ ਦੀਆਂ ਬੋਤਲਾਂ, ਤੇ ਡਾਂਗਾਂ ਵਾਲੇ ਆਦਮੀ ਹੋਣ ਤੇ ਸਿਖਾਂ ਵਿਚ ਲੀਡਰ ਬਣ ਸਕਦਾ ਹੈ। ਇਤਿਹਾਸਕ ਤੇ ਦੂਸਰੀ ਗੁਰਦਵਾਰਾ ਕਮੇਟੀਆਂ ਦੇ ਬਹੁਤ ਮੈਂਬਰ ਉਹ ਹਨ ਜਿਨ੍ਹਾਂ ਦੀ ਸਿਖੀ ਨਾਲ ਕੋਈ ਸਾਂਝ ਨਹੀਂ ਤੇ ਜਿਨ੍ਹਾਂ ਦੇ ਦਿਲਾਂ ਵਿਚ ਗੁਰੂ ਘਰ ਦਾ ਕੋਈ ਸਤਿਕਾਰ ਨਹੀਂ। ਗੁਰਦਵਾਰਿਆਂ ਦੇ ਨਾਮ ਤੇ ਕੁਛ ਜਾਏਦਾਦਾਂ ਹੋਣ ਕਾਰਨ ਬਹੁਤੇ ਥਾਈਂ ਸਮਾਂ ਤਾੜੂ ਲੋਕ ਗੁਰਮੁਖਾਂ ਵਾਲੀ ਸ਼ਕਲ ਬਣਾ ਕੇ ਗੁਰਦੁਆਰਿਆਂ ਉਤੇ ਐਸਾ ਪਕਾ ਕਬਜ਼ਾ ਜਮਾਉਂਦੇ ਹਨ ਕਿ ਫਿਰ



www.AKJ.Org

ਛਡਣ ਦਾ ਨਾਮ ਹੀ ਨਹੀਂ ਲੈਂਦੇ। ਇਸ ਤਰ੍ਹਾਂ ਕਰਕੇ ਸਾਡੀ ਵਾਗ ਡੋਰ ਗਲਤ ਹਥਾਂ ਵਿਚ ਪਹੁੰਚ ਗਈ ਹੈ। ਜੇ ਕਰ ਸਿਖਾਂ ਦਾ ਪਰਧਾਨ ਆਗੂ ਬੜਾ ਨੇਕ ਬੰਦਾ ਵੀ ਹੋਵੇ ਤੇ ਉਹ ਵੀ ਦੰਭੀ ਲੋਕਾਂ ਨਾਲ ਘਿਰਿਆ ਹੋਇਆ ਹੁੰਦਾ ਹੈ। ਤਕਰੀਬਨ ਹਰ ਡਾਂ ਉਤੇ ਸਾਡੇ ਦੋ ਪਰਧਾਨ ਧੜੇ ਬਣੇ ਹੋਏ ਹਨ। ਇਕ ਗੁਰਦੁਆਰਿਆਂ ਤੇ ਕਾਬਜ਼ ਹੁੰਦਾ ਹੈ ਦੂਜਾ ਉਨ੍ਹਾਂ ਨੂੰ ਪੰਥ ਘਾਤਕ ਕਹਿ ਕਹਿ ਕੇ ਭੰਡਦੇ ਰਹਿੰਦੇ ਹਨ। ਦੋਨਾ ਧੜਿਆਂ ਦਾ ਅਸਲ ਨਸ਼ਾਨਾ ਗੁਰੂ ਕੀ ਗੋਲਕ ਤੇ ਚੌਧਰ ਹਾਸਲ ਕਰਨੀ ਹੁੰਦੀ ਹੈ।

ਇਕ ਪਾਰਟੀ ਦੇ ਨਿਸ਼ਾਨੇ ਹੇਠ ਗੁਰਦੁਆਰਾ ਚੋਣਾਂ ਜਿਤ ਕੇ ਇਹ ਮੈਂਬਰ ਸੱਤਰ, ਸੱਤਰ ਤੇ ਅੱਸੀ ਅੱਸੀ ਦੀ ਗਿਣਤੀ ਵਿਚ ਦੂਜੇ ਧੜੇ ਵਿਚ ਚਲੇ ਜਾਂਦੇ ਹਨ। ਅਜ ਰਿਸ਼ਵਤ ਤੇ ਕੁਰਪਸ਼ਨ ਦੇ ਅਲਜ਼ਾਮ ਵਿਚ ਦੁਕਾਨਦਾਰਾਂ, ਵਪਾਰੀਆਂ ਸਰਕਾਰੀ ਕਰਮ-ਚਾਰੀਆਂ ਤੇ ਵਜ਼ੀਰਾਂ ਤਕ ਉੱਤੇ ਹਥ ਪੈ ਰਿਹਾ ਹੈ ਪਰ ਗੁਰਦੁਆਰਿਆਂ ਦੇ ਗੰਦੇ ਪ੍ਰਬੰਧਕਾਂ ਵਲ ਕਿਸੇ ਦਾ ਧਿਆਨ ਨਹੀਂ ਜਾਂਦਾ।

ਅਗੇ ਗੁਰਦੁਆਰਿਆਂ ਦੇ ਗ੍ਰੰਥੀ ਪੰਥ ਵਿਚ ਸਤਕਾਰੇ ਜਾਂਦੇ ਸੀ। ਹੁਣ ਹਾਲਤ ਦੂਸਰੀ ਹੈ। ਪਹਿਲਾਂ ਤੇ ਪ੍ਰਬੰਧਕ ਹੀ ਉਨ੍ਹਾਂ ਨੂੰ ਘਰ ਦੇ ਨੌਕਰਾਂ ਵਾਂਗ ਸਮਝਦੇ ਹਨ। ਅਗੇ ਗ੍ਰੰਥੀਆਂ ਵਿਚ ਵੀ ਏਹੋ ਜਹੀਆਂ ਉਦਾਹਰਣਾ ਮਿਲ ਰਹੀਆਂ ਹਨ। ਜੈਸਾ ਕਿ ਪਿਛੇ ਅਖਬਾਰਾਂ ਵਿਚ ਨਿਕਲਿਆ ਸੀ ਕਿ ਇਕ ਵਡੇ ਇਤਿਹਾਸਕ ਗੁਰਦੁਆਰੇ ਦਾ ਗਰੰਥੀ ਚਾਰ ਕਤਲਾਂ ਦੇ ਅਲਜ਼ਾਮ ਵਿਚ ਫੜਿਆ ਗਿਆ ਹੈ। ਬਹੁਤ ਸਾਰੇ ਗ੍ਰੰਥੀ ਚਲਨ ਦੇ ਅਤਿਅੰਤ ਕੋਝੇ ਹਨ। ਜਿਹੜਾ ਆਪ ਔਰਤਾਂ ਕਢੀ ਫਿਰਦਾ ਹੋਵੇ ਉਹਦੇ ਇਹ ਉਪਦੇਸ਼ "ਵੇਖ ਪਰਾਈਆਂ ਚੰਗੀਆਂ ਮਾਂਵਾਂ ਧੀਆਂ ਭੈਣਾਂ ਜਾਣੇ" ਕੀ ਮੈਨੇ ਰਖਦਾ ਹੈ? ਬਹੁਤ ਸਾਰੇ ਸਿਖ ਕਵੀ ਤੇ ਪਰਚਾਰਕ ਸ਼ਰਾਬ ਪੀ ਕੇ ਸਟੇਜ ਉਤੇ ਆ ਕੇ ਬੋਲਦੇ ਹਨ। ਇਹੋ ਜਿਹਾਂ ਨੂੰ ਧਰਮ ਤੋਂ ਕੋਰੇ ਤੇ ਧੜੇ ਬਾਜ ਪਰਬੰਧਕਾਂ ਦੇ ਕਾਰਨ ਟਾਈਮ ਮਿਲ ਜਾਂਦਾ ਹੈ ਤੇ ਨੌਕਰੀਆਂ ਵੀ ਮਿਲ ਜਾਂਦੀਆਂ ਹਨ।

ਪਿੰਡਾਂ ਵਿਚ ਨਾਸਤਿਕ ਕਮਿਊਨਿਸਟਾਂ ਦਾ ਜ਼ੋਰ ਵਧ ਰਿਹਾ ਹੈ। ਵਾਹਿਗੁਰੂ ਦੀ ਹੋਂਦ ਤੋਂ ਇਨਕਾਰ ਕਰਨ ਵਾਲੇ ਨਾਲ ਸਾਡਾ ਕੀ ਮੇਲ ਹੋ ਸਕਦਾ ਹੈ ਪਰ (ਕਿਉਂ ਕਿ) ਹਾਲੀ (ਭਾਵੇਂ ਉਤੋਂ ਉਤੋਂ ਹੀ) ਤਕ ਉਹ ਸਿਖ ਅਖਵਾਉਂਦੇ ਹਨ, ਇਸ ਕਰਕੇ ਗੁਰਦੁਆਰਾ ਚੋਣਾਂ ਜਿਤਣ ਦੀ ਆਸ ਵਿਚ, ਸਿਖ ਆਗੂ ਉਨ੍ਹਾਂ ਨਾਲ ਸੁਲਾਹ ਕਰਦੇ ਹਨ। ਇਹ ਗਲ 'ਕਚਰਿਆਂ ਦਾ ਰਾਖਾ ਗਿਦੜ' ਹੋਣ ਵਾਲੀ ਬਣਦੀ ਹੈ।

ਐਸ ਵੇਲੇ ਦੂਸਰੀ ਬੀਮਾਰੀ ਬਨਾਸਪਤੀ ਗੁਰੂਆਂ ਦੀ ਤੁਰ ਪਈ ਹੈ। ਜਿਸ ਆਦਮੀ ਕੋਲ ਰੋਟੀ ਕਮਾਉਣ ਦਾ ਹੋਰ ਵਸੀਲਾ ਨਹੀਂ ਹੁੰਦਾ ਜਾਂ ਉਹ ਕਿਸੇ ਕੰਮ ਦੇ ਯੋਗ ਨਹੀਂ ਹੁੰਦਾ। ਜੇ ਉਹ 'ਗੁਰੂ' ਬਣ ਜਾਵੇ ਤੇ ਉਹਦਾ ਸਿਲਸਿਲਾ ਬੜਾ ਸੋਹਣਾ ਚਲ ਪੈਂਦਾ ਹੈ। ਆਤਮਿਕ ਤੌਰ ਤੇ ਭੁੱਖੀ ਦੁਨੀਆਂ ਸਿੱਖੀ ਪਰਚਾਰ ਦੇ ਨਾ ਹੋਣ ਕਾਰਨ ਇਹੋ ਜਹੇ ਗੁਰੂਆਂ ਦੇ ਪਿਛੇ ਲਗ ਰਹੀ ਹੈ। ਭਾਵੇਂ ਆਮ ਤੌਰ ਤੇ ਉਹ ਵੀ ਆਪਣੇ ਪਰਚਾਰ ਵਿਚ ਗੁਰਬਾਣੀ ਦਾ ਪਰਯੋਗ ਕਰਦੇ ਹਨ, ਪਰ ਉਨ੍ਹਾਂਦਾ



www.AKJ.Org

ਅਸਲ ਨਿਸ਼ਾਨਾ ਸਿਖਾਂ ਨੂੰ ਗੁਰੂ ਗ੍ਰੰਥ ਸਾਹਿਬ ਭਾਵ ਗੁਰੂ ਚਰਨਾ ਵਲੋਂ ਹਟਾ ਕੇ ਆਪਣੇ ਪਿਛੇ ਲੌਣ ਦਾ ਹੁੰਦਾ ਹੈ।

ਸਿਖੀ ਦਾ ਮੂਲ ਚਿੰਨ ਸਾਡੇ ਪਵਿਤ੍ਰ ਕੇਸ ਹਨ। ਕੇਸਾਂ ਦੀ ਬੇਅਦਬੀ ਗੁਰ ਹੁਕਮ ਅਨੁਸਾਰ ਬੱਜਰ ਕੁਰਹਿਤ ਹੈ। ਕੇਸਾਂ ਨੂੰ ਥੋੜਾ ਥੋੜਾ ਕੱਟਣਾ ਜਾਂ ਪੂਰਾ ਸਾਫ਼ ਕਰਾ ਦੇਣਾ ਇਕੋ ਜਹੀ ਗਲ ਹੈ। ਗੁਰਮਤ ਵਿਚ ਅਜੇਹੇ ਲੋਕਾਂ ਨੂੰ ਪਤਿਤ ਮੰਨਿਆ ਜਾਂਦਾ ਹੈ। ਪਤਿਤ ਵਾਸਤੇ ਸਾਡੇ ਸਮਾਜ ਵਿਚ ਕੋਈ ਥਾਂ ਨਹੀਂ।

ਜਿਹੜੇ ਲੋਕ ਕਹਿੰਦੇ ਹਨ ਕਿ ਸਿਖੀ ਕੇਵਲ ਸ਼ਰਧਾ ਦੀ ਚੀਜ਼ ਹੈ ਜ਼ਾਹਰੇ ਚਿੰਨ ਭਾਵ ਕੇਸਾਂ ਦਾ ਕੀ ਹੈ? ਇਹ ਲੋਕ ਕਿਸ ਤਰ੍ਹਾਂ ਭੁਲੇਖੇ ਵਿਚ ਪਏ ਹਨ, ਧਰਮ ਦੀ ਸ਼ਰਧਾ ਕੈਮ ਹੁੰਦੀ ਤੇ ਕੇਸਾਂ ਤਕ ਹੱਥ ਨਾ ਜਾਂਦਾ।। ਪਹਿਲਾਂ ਸ਼ਰਧਾ ਉਡਦੀ ਹੈ ਤੇ ਫੇਰ ਧਿਆਨ ਕੇਸ ਕਤਲ ਕਰਾਉਣ ਵਲ ਜਾਂਦਾ ਹੈ।

ਪੰਜਾਬ ਵਿਚ ਮਾਝੇ ਦਾ ਉਹ ਇਲਾਕਾ ਜਿਥੇ ਕਦੀ ਪਿੰਡ ਪਿੰਡ ਵਿਚ ਸ਼ਹੀਦ ਸਿੰਘ ਪੈਦਾ ਹੋਏ ਸੀ। ਹੁਣ ਕਮਿਊਨਿਸਟਾਂ ਦਾ ਗੜ੍ਹ ਹੈ ਬਹੁਤ ਥਾਵਾਂ ਤੇ ਦੰਭੀ ਗੁਰੂਆਂ ਦਾ ਦਾਅ ਲਗਾ ਰਿਹਾ ਹੈ ਕੇਸਾਂ ਦੀ ਬੇਅਦਬੀ ਆਮ ਹੋ ਰਹੀ ਹੈ। ਅੰਮ੍ਰਿਤ ਛਕਣ ਵਲ ਕਿਸੇ ਦੀ ਰੁਚੀ ਨਹੀਂ। ਇਹ ਵਾਤਾ-ਵਰਣ ਵੇਖ ਕੇ ਸ਼ਕ ਪੈਂਦਾ ਹੈ ਕਿ ਸਾਡੀਆਂ ਆਪਣੀਆਂ ਕਮਜ਼ੋਰੀਆਂ ਸਾਨੂੰ ਮਾਰ ਰਹੀਆਂ ਹਨ। ਸੋ ਇਸ ਸਮੇਂ ਉਤੇ ਸਾਡਾ ਫ਼ਰਜ਼ ਬਣਦਾ ਹੈ ਕਿ ਆਪਣੇ ਆਪ ਦਾ ਸੁਧਾਰ ਕਰੀਏ। ਆਪਣਾ ਆਚਰਣ ਏਨਾ ਉਚਾ ਹੋਵੇ ਕਿ ਦੁਨੀਆਂ ਆਪੇ ਹੀ ਸਾਡੇ ਪਿਛੇ ਲਗ ਜਾਵੇ। ਉਹ ਵੀ ਦਿਨ ਸਨ ਜਦੋਂ ਸਿੰਧੀ ਭੈਣ ਭਰਾ ਦੂਰ ਤੋਂ ਕਿਸੇ ਸਿਖ ਨੂੰ ਤੁਰਿਆ ਜਾਂਦਾ ਵੇਖਦੇ ਸਨ ਤੇ ਹਥ ਜੋੜਕੇ ਜ਼ਮੀਨ ਉਤੇ ਨਿਮਸ਼ਕਾਰ ਕਰਦੇ ਸਨ। ਹੁਣ ਕਿਉਂ ਨਹੀਂ ਕਰਦੇ?

ਜੇ ਕਰ ਸਾਡੀ ਕਮਜ਼ੋਰੀ ਤੇ ਲਾਪਰਵਾਹੀ ਦੀ ਇਹੀ ਤੋਰ ਰਹੀ ਤੇ ਅਜ ਤੋਂ ਪੰਜਾਹ ਸਾਲ ਪਿਛੋਂ ਸਿੱਖੀ ਦੀ ਕੀ ਸ਼ਕਲ ਹੋਵੇਗੀ? ਇਸ ਦਾ ਅਨੁਮਾਨ ਲਗਾਉਣਾ ਔਖਾ ਨਹੀਂ ਆਉ ਅਸੀਂ ਆਪਣੇ ਆਪ ਨੂੰ ਹੀ ਗੁਰਸਿਖੀ ਦੇ ਸੰਚੇ ਵਿਚ ਢਾਲੀਏ। ਆਪਣੇ ਪਰਵਾਰ ਨੂੰ ਸਿਖੀ ਦੇ ਗਾਡੀ ਰਸਤੇ ਉਤੋਂ ਭਟਕਣ ਨਾ ਦਈਏ। ਗੁਰਦੁਆਰਿਆਂ ਦੇ ਪਰਬੰਧਕ ਚੁਣਨ ਵੇਲੇ ਇਹ ਅਸੂਲ ਬਣਾ ਲਈਏ ਕਿ ਅਸਾਂ ਗੁਰਮੁਖ ਹਥਾਂ ਵਿਚ ਪਰਬੰਧ ਦੇਣਾ ਹੈ। ਪਤਿਤ, ਆਚਰਣ ਹੀਣ ਤੇ ਸ਼ਰਾਬੀ ਰਾਗੀਆਂ ਤੇ ਪਰਚਾਰਕਾਂ ਨੂੰ ਧਾਰਮਿਕ ਸਟੇਜਾਂ ਉਤੇ ਨਹੀਂ ਆਉਣ ਦੇਣਾ, ਇਸ ਤਰਾਂ ਸਿਖੀ ਮਾਰਗ ਉਤੇ ਚਲਦੇ ਹੋਏ ਕਲਗੀਧਰ ਪਿਤਾ ਦੇ ਪਵਿਤਰ ਚਰਨਾਂ ਦੀ ਸਮੀਪਤਾ ਹਾਸਲ ਕਰੀਏ।

"ਮੋਹਿ ਦੂਜੀ ਨਾਹੀ ਠਾਉਰ
ਜਿਸ ਪੈ ਹਮ ਜਾਵਹਿਗੇ।"



www.AKJ.Org

# ਜ਼ਰਾ ਸੋਚਣ ਵਾਲੀ ਗਲ

( ਭਾਈ ਮਨਮੋਹਨ ਸਿੰਘ ਜੀ M.Sc. ਜੈਪੁਰ )

੧: ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹੀਦੀ ਤੋਂ ਉਪਰੰਤ ਉਨ੍ਹਾਂ ਦੇ ਪਵਿਤ੍ਰ ਸੀਸ ਨੂੰ ਲੈਕੇ "ਰੰਗਰੇਟਾ ਗੁਰੂ ਕਾ ਬੇਟਾ" ਬਾਲਾ ਪ੍ਰੀਤਮ ਸ੍ਰੀ ਗੁਰੂ ਗੋਬਿੰਦ ਰਾਏ ਜੀ ਪਾਸ ਪਹੁੰਚਾ। ਦਿਲੀ ਵਿਚ ਵਰਤੀ ਸਾਰੀ ਘਟਨਾ ਸੁਣਾਈ ਤੇ ਨਾਲ ਇਹ ਵੀ ਦਸਿਆ ਕਿ ਉਥੇ ਬਹੁਤ ਸਾਰੇ ਗੁਰੂ ਕੇ ਨਾਮ ਲੇਵਾ ਸਿਖ ਸਨ ਪਰ ਹਕੂਮਤ ਦੇ ਡਰ ਕਰਕੇ ਉਨ੍ਹਾਂ ਕੋਈ ਵੀ ਸ੍ਰੀ ਗੁਰੂ ਜੀ ਦੇ ਪਵਿਤ੍ਰ ਸਰੀਰ ਦੀ ਅੰਤਮ ਸੇਵਾ ਲਈ ਅਗੇ ਨਾ ਵਧਿਆ। ਇਹ ਸੁਣਕੇ ਸ੍ਰੀ ਦਸ਼ਮੇਸ਼ ਜੀ ਨੇ ਫ਼ਰਮਾਨ ਕੀਤਾ ਕਿ ਉਹ ਆਪਣੇ ਸਿਖਾਂ ਨੂੰ ਇਜਿਹਾ ਰੂਪ ਦੇਣਗੇ ਜਿਸ ਨਾਲ ਕੋਈ ਸਿਖ ਯਤਨ ਕਰਨ ਤੇ ਵੀ ਆਪਣੇ ਆਪ ਨੂੰ ਛੁਪਾ ਨਾ ਸਕੇ। ਇਹ ਸਰੂਪ ਫ਼ਿਰ ੧੬੯੯ ਈ: ਦੀ ਵਸਾਖੀ ਵਾਲੇ ਦਿਨ ਜਟਾ ਜੂਟ, ਕੇਸਾਂ ਧਾਰੀ ਖਾਲਸੇ ਦੇ ਰੂਪ ਵਿਚ ਪ੍ਰਗਟ ਕੀਤਾ। ਇਸ ਦਾ ਭਾਵ ਇਹ ਲਿਆ ਜਾਂਦਾ ਹੈ ਕਿ ਉਸ ਵੈਸਾਖੀ ਤੋਂ ਪਹਿਲਾਂ ਸਿਖਾਂ ਵਿਚ ਕੇਸਾਂ ਦੀ ਪਾਬੰਦੀ ਨਹੀਂ ਸੀ ਤੇ ਉਹ ਅਣਮਤੀਆਂ ਵਿਚੋਂ ਇਸੇ ਕਰਕੇ ਪਛਾਣੇ ਨਹੀਂ ਸਨ ਜਾ ਸਕਦੇ।

੨. ਇਸੇ ਤਰਾਂ ਇਤਿਹਾਸ ਇਹ ਵੀ ਦਰਸਾਉਂਦਾ ਹੈ ਕਿ ਮੁਸਲਮਾਨੀ ਹਕੂਮਤ ਨੇ ਹਿੰਦੂ ਜਨਤਾ ਨੂੰ ਦਿਮਾਗੀ ਤੇ ਸਮਾਜਕ ਤੌਰ ਤੇ ਪੂਰਨ ਗੁਲਾਮ ਬਣਾਉਣ ਲਈ ਆਪਣੀ ਰਹਿਣੀ ਬਹਿਣੀ ਤੇ ਖਾਣ ਪਾਣ ਦੇ ਢੰਗਾਂ ਨੂੰ ਹਿੰਦ ਵਾਸੀਆਂ ਤੇ ਠੋਸਣਾ ਸ਼ੁਰੂ ਕੀਤਾ। ਹਿੰਦੀਆਂ ਨੂੰ ਬਹੁਤ ਸਾਰੀਆਂ ਐਸੀਆਂ ਮੁਸਲਮਾਨੀ ਗੱਲਾਂ ਡਰ ਹੇਤ ਅਪਨਾਈਆਂ ਪਈਆਂ ਜਿਹੜੀਆਂ ਹਿੰਦੀ ਸਭਯਤਾ ਤੇ ਰਸਮ ਰਿਵਾਜਾਂ ਦੇ ਉਲਟ ਸਨ। ਪ੍ਰਿੰਸੀਪਲ ਤੇਜਾ ਸਿੰਘ ਜੀ ਦੇ ਅਖਰਾਂ ਵਿਚ*—

'This was a denationalising process.'

ਭਾਵ ਇਸ ਤਰਾਂ ਹਿੰਦੀਆਂ ਵਿਚੋਂ ਰਾਸ਼ਟਰੀ ਜਜ਼ਬਾ ਕਢਿਆ ਜਾ ਰਿਹਾ ਸੀ। ਅਗੇ ਉਹ ਲਿਖਦੇ ਹਨ:—

ਇਸ ਤਰਾਂ ਹਿੰਦੀਆਂ ਵਿਚੋਂ ਰਾਸ਼ਟਰੀ

* "The Gurus and Sikhs as liberators" by Principal Teja Singh M.A.



www.AKJ.Org

ਜਜ਼ਬਾ ਕਢਿਆ ਜਾ ਰਿਹਾ ਸੀ । ਅਗੇ ਉਹ ਲਿਖਦੇ ਹਨ:—

"ਇਸ ਸਬੰਧ ਵਿਚ ਖਾਣ ਲਈ ਮਾਸ ਬਨਾਉਣ ਦੀ ਵਿਧੀ ਖਾਸ ਵਰਨਣ ਯੋਗ ਹੈ । ਮੁਸਲਮਾਨ ਕੇਵਲ ਉਹ ਮਾਸ ਖਾਂਦੇ ਸਨ ਜੋ ਹਲਾਲ ਤਰੀਕੇ ਨਾਲ ਬਣਾਇਆ ਜਾਵੇ । ਇਸ ਢੰਗ ਅਨੁਸਾਰ ਜਾਨਵਰ ਨੂੰ ਹੌਲੀ ਹੌਲੀ ਕੁਰਾਨ ਦੀਆਂ ਆਇਤਾਂ ਪੜ੍ਹ ਕੇ ਮਾਰਿਆ ਜਾਂਦਾ ਹੈ । ਉਹਨਾਂ ਦਾ ਹਕ ਸੀ ਕਿ ਜਿਸ ਤਰ੍ਹਾਂ ਉਹ ਚਾਉਣ, ਕਰਨ । ਪਰ ਉਨ੍ਹਾਂ ਨੇ ਇਸ ਢੰਗ ਨੂੰ ਗ਼ੈਰ ਮੁਸਲਮਾਨਾ ਤੇ ਠੋਸਣਾ ਅਰੰਭ ਕਰ ਦਿਤਾ । ਉਨ੍ਹਾਂ ਨੇ ਹੁਕਮ ਕਰ ਦਿਤਾ ਕਿ ਜੋ ਹਿੰਦੂ ਮਾਸ ਖਾਣਾ ਚਾਹੇ ਉਹ ਮੁਸਲਮਾਨ ਬੁਚੜਾਂ ਕੋਲੋਂ, ਮੁਸਲਮਾਨੀ ਢੰਗ ਨਾਲ ਬਣਾਇਆ ਹੋਇਆ ਮਾਸ ਹੀ ਲੈਕੇ ਖਾ ਸਕਦੇ ਸਨ । ਇਸ ਧਕੇ ਨੂੰ ਰੋਕਣ ਲਈ ਗੁਰੂ ਨਾਨਕ ਸਾਹਿਬ ਨੇ ਝਟਕਾ ਢੰਗ ਨਾਲ ਮਾਸ ਬਣਾ ਕੇ ਖਾਣ ਦਾ ਤਰੀਕਾ ਆਪਣਿਆਂ ਸਿਖਾਂ ਵਿਚ ਪ੍ਰਚਲਤ ਕੀਤਾ । ਇਸੇ ਢੰਗ ਨੂੰ ਮਗਰੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾਉਣ ਸਮੇਂ ਪਕੀ ਤਰ੍ਹਾਂ ਪੂਣ ਰੂਪ ਦੇ ਕੇ ਸਿਖਾਂ ਵਿਚ ਪ੍ਰਪਕ ਕਰ ਦਿਤਾ ।"

ਉਪਰ ਲਿਖੀਆਂ ਦੋਵੇਂ ਘਟਨਾਵਾਂ ਗੁਰਸਿਖੀ ਦੇ ਦੋ ਮੁਢਲੇ ਅਸੂਲਾਂ ਜਾਂ ਹੁਕਮਾਂ ਦਾ ਪਛੋਕੜ ਮੰਨੀਆਂ ਜਾਂਦੀਆਂ ਹਨ । ਇਨਾਂ ਦੋਹਾਂ ਹੁਕਮਾਂ ਦੀ ਉਲੰਘਣਾਂ ਕਰਨਹਾਰਾ, ਅਸਿਖ ਜਾਂ ਪਤਿਤ ਜਾਂ ਬੇਅੰਮ੍ਰਿਤੀਆ ਹੋ ਜਾਂਦਾ ਹੈ ਉਸ ਨਾਲ ਸਤਿਗੁਰੂ ਦਾ ਰਿਸ਼ਤਾ ਟੁਟ ਜਾਂਦਾ ਹੈ। ਇਸ ਲਈ ਇਹ ਦੋਵੇਂ ਹੁਕਮ ਗੁਰਸਿਖੀ ਦਾ ਮੂਲ ਕਹੇ ਜਾ ਸਕਦੇ ਹਨ ।

ਜੇ ਕਰ ਇਸ ਪਛੋਕੜ ਨੂੰ ਠੀਕ ਮੰਨ ਲਿਆ ਜਾਵੇ ਤਾਂ ਅੱਜ ਦੇ ਵਿਗਿਆਨਕ ਰੁਚੀ ਵਾਲੇ ਮਨੁੱਖ ਲਈ ਇਨ੍ਹਾਂ ਦੀ ਮਹਾਨਤਾ ਨੂੰ ਮੰਨਣ ਤੋਂ ਇਨਕਾਰੀ ਹੋਣਾ ਕੋਈ ਹੈਰਾਨੀ ਵਾਲੀ ਗਲ ਨਹੀਂ । ਇਸ ਅਨੁਸਾਰ ਕੇਸਾਂ ਦੀ ਪਾਬੰਧੀ ਸਿਰਫ਼ ਇਸ ਲਈ ਲਾਈ ਗਈ ਸੀ ਕਿ ਇਤਿਹਾਸ ਵਿਚ ਕਿਸੇ ਇਕ ਖਾਸ ਘਟਨਾ ਸਮੇਂ, ਸਿਖਾਂ ਨੇ ਆਪਣੇ ਆਪ ਨੂੰ ਲੁਕਾ ਕੇ ਜ਼ੁਲਮ ਦਾ ਟਾਕਰਾ ਨਾ ਕਰਨ ਦੀ ਕਮਜ਼ੋਰੀ ਦਿਆਈ ਸੀ । ਸੋ ਕੇਸਾਂ ਦੀ ਮਹਾਨਤਾ ਕੇਵਲ ਇਸ ਲਈ ਹੈ ਤਾਂ ਕਿ ਸਿਖ ਸਹਿਜੇ ਹੀ ਪਛਾਣੇ ਜਾ ਸਕਣ ਤੇ ਚਾਹੁੰਣ ਤੇ ਵੀ ਆਪਣੇ ਆਪ ਨੂੰ ਛੁਪਾ ਨਾ ਸਕਣ । ਏਸੇ ਤਰ੍ਹਾਂ ਹਲਾਲ ਮਾਸ ਨੂੰ ਖਾਣ ਦੀ ਸਿਰਫ਼ ਇਸ ਲਈ ਮਨਾਹੀ ਕੀਤੀ ਗਈ ਕਿਉਂਕਿ ਅਜ ਤੋਂ ਸੈਂਕੜੇ ਸਾਲ ਪਹਿਲਾਂ ਦੀ ਮੁਸਲਮਾਨੀ ਹਕੂਮਤ ਇਸ ਢੰਗ ਨਾਲ ਬਣਾਏ ਮਾਸ ਖਾਣ ਲਈ ਗ਼ੈਰ ਮੁਸਲਮਾਨਾਂ ਨੂੰ ਮਜਬੂਰ ਕਰਨ ਦਾ ਧਕਾ ਕਰਦੀ ਸੀ ।

ਕੇਸਾਂ ਦੀ ਬੇਅਦਬੀ ਤੇ ਕੁੱਠਾ ਖਾਣਾ ਇਹ ਦੋਵੇਂ ਬੱਜਰ ਕੁਰਹਿਤਾਂ ਹਨ । ਦਸਮੇਸ਼ ਪਿਤਾ ਜੀ ਦੇ ਹੁਕਮ ਅਨੁਸਾਰ ਬੱਜਰ ਕੁਰਹਿਤਾਂ ਵਿਚੋਂ ਕਿਸੇ ਇਕ ਨੂੰ ਕਰਨ ਦਾ ਭਾਗੀ, ਪਤਿਤ ਹੋ ਕੇ ਗੁਰਸਿਖੀ ਮੰਡਲ ਤੋਂ ਖਾਰਜ ਹੋ ਜਾਂਦਾ ਹੈ ਇਸ ਲਈ ਇਹ ਦੋਵੇਂ ਹੁਕਮ ਗੁਰਸਿਖੀ ਦਾ ਮੂਲ ਹਨ ।

ਜ਼ਰਾ ਸੋਚਣ ਵਾਲੀ ਗਲ ਇਹ ਹੈ ਕਿ ਕੀ ਅਜੇਹੇ ਹੁਕਮ ਜਿਨ੍ਹਾਂ ਦਾ ਪਛੋਕੜ ਕੇਵਲ ਇਤਿਹਾਸਕ ਘਟਨਾਵਾਂ ਹੀ ਹੋਣ, ਗੁਰਸਿਖੀ ਦਾ ਮੂਲ ਬਣ ਸਕਦੇ ਹਨ ?



www.AKJ.Org

"ਗੁਰਮਤਿ ਮਤਿ ਅਚਲ ਹੈ ਚਲਾਇ ਨ ਸਕੈ ਕੋਇ।" ਗੁਰਮਤਿ ਦੇ ਹੁਕਮ ਸਦਾ ਸਦਾ ਅਟਲ ਹਨ। ਉਹ ਸਮੇਂ ਦੇ ਬਦਲਣ ਨਾਲ ਵੀ ਨਹੀਂ ਬਦਲ ਸਕਦੇ। ਤਾਂ ਫ਼ਿਰ ਕੀ ਉਨ੍ਹਾਂ ਦਾ ਪਛੋਕੜ ਤੇ ਕਾਰਨ ਸਿਰਫ਼ ਇਤਿਹਾਸਕ ਘਟਨਾਵਾਂ ਹੋ ਸਕਦੀਆਂ ਹਨ? ਇਸ ਤਰਾਂ ਦੇ ਮੁੱਢ ਵਾਲੇ ਹੁਕਮ ਕਦੇ "ਅਚਲ" ਨਹੀਂ ਹੋ ਸਕਦੇ ਅਤੇ ਜੇ ਕਰ ਉਹ "ਅਚਲ" ਨਹੀਂ ਹਨ ਤਾਂ ਉਹ ਗੁਰਮਤਿ ਦੇ ਹੁਕਮ ਨਹੀਂ ਹੋ ਸਕਦੇ। ਐਸੇ ਹੁਕਮਾਂ ਦੀ ਮਹਾਨਤਾ ਤਾਂ ਸਿਰਫ਼ ਓਨਾ ਚਿਰ ਹੀ ਕਾਇਮ ਰਹਿ ਸਕਦੀ ਹੈ ਜਦ ਤਾਈਂ ਕਿ ਉਨਾਂ ਦੇ ਪਛੋਕੜ ਵਾਲੀਆਂ ਇਤਿਹਾਸਕ ਘਟਨਾਵਾਂ ਵਾਲਾ ਵਾਤਾਵਰਨ ਕਾਇਮ ਹੈ। ਸਮੇਂ ਦੇ ਬਦਲਣ ਨਾਲ ਜਦ ਉਹ ਵਾਤਾ ਵਰਨ ਹੀ ਨਾ ਰਿਹਾ ਤਾਂ ਉਨਾਂ ਦੀ ਬਨਾ ਤੇ ਬਣੇ ਅਸੂਲਾਂ ਦੀ ਮਹਾਨਤਾ ਕਿਵੇਂ ਰਹਿ ਸਕਦੀ ਹੈ?

ਸਿਖ ਵਿਦਵਾਨਾਂ ਤੇ ਇਤਿਹਾਸਕਾਰਾਂ ਵਲੋਂ ਪ੍ਰਗਟਾਏ ਗਏ ਇਹੋ ਜਿਹੇ ਵਿਚਾਰਾਂ ਕਰਕੇ ਹੀ ਪੰਥ ਦੋਖੀਆਂ ਨੂੰ ਇਹ ਹੌਂਸਲਾ ਪੈਂਦਾ ਹੈ ਕਿ ਉਹ ਗੁਰਸਿਖੀ ਦੇ ਮੁਢਲੇ ਅਸੂਲਾਂ ਨਾਲ ਮਖੌਲ ਕਰਨ। ਉਹ ਖੁਲਮ ਖੁਲ੍ਹਾ ਕਹਿੰਦੇ ਹਨ ਕਿ ਅਜ ਦੇ ਹਾਲਾਤ ਵਿਚ ਆਪਣੇ ਆਪ ਨੂੰ ਵਿਲਖਣ ਜਾਂ "ਨਿਆਰਾ" ਰਖਣ ਦੀ ਕੀ ਲੋੜ ਹੈ? ਸਗੋਂ ਇਸਤਰਾਂ ਦੀ ਵਿਲਖਣਤਾ ਆਮ ਦੁਨੀਆਂ ਦੇ ਖਾਸ ਧਿਆਨ ਤੇ ਨੁਕਤਾ ਚੀਨੀ ਦਾ ਕਾਰਨ ਬਣਦੀ ਹੈ। ਇਸੇ ਤਰਾਂ ਜਦ ਅਜ ਮੁਸਲਮਾਨੀ ਹਕੂਮਤ ਨਹੀਂ ਖਾਣ ਪੀਣ ਦੀ ਕੋਈ ਅਜਿਹੀ ਪਾਬੰਦੀ ਨਹੀਂ। ਤਾਂ ਫ਼ਿਰ ਕਿਉਂ ਇਕ ਖਾਸ ਢੰਗ ਨਾਲ ਬਣਾਇਆ ਮਾਸ ਕੇਵਲ ਇਸ ਕਰਕੇ ਨਾ ਖਾਧਾ ਜਾਵੇ ਕਿਉਂ ਕਿ ਸਦੀਆਂ ਪਹਿਲੇ ਦੀ ਮੁਸਲਮਾਨੀ ਹਕੂਮਤ ਇਸ ਲਈ ਮਜਬੂਰ ਕਰਦੀ ਸੀ?

ਕਿਸੇ ਵੀ ਸਮੇਂ ਵਿਚ ਤੇ ਖਾਸ ਕਰ ਅਜ ਦੇ ਵਿਗਿਆਨਕ ਯੁਗ ਵਿਚ ਇਹੋ ਜਿਹੀਆਂ ਦਲੀਲਾਂ ਦੇ ਆਧਾਰ ਤੇ ਕਿਸੇ ਵੀ ਧਰਮ ਦੇ ਅਸੂਲ ਪਕੇ ਨਹੀਂ ਰਹਿ ਸਕਦੇ। ਇਸੇ ਲਈ ਜੇਕਰ ਸਿਖ ਘਰਾਣਿਆਂ ਵਿਚ ਹੀ ਅਜ ਕਲ ਇਨ੍ਹਾਂ ਹੁਕਮਾਂ ਦੀ ਉਲੰਘਣਾਂ ਆਮ ਹੁੰਦੀ ਦੇਖੀ ਜਾਂਦੀ ਹੈ ਤਾਂ ਵਡੀ ਹੈਰਾਨੀ ਦੀ ਗਲ ਨਹੀਂ ਲੋੜ ਹੈ ਇਸ ਪਾਸੇ ਖਾਸ ਖਾਸ ਧਿਆਨ ਦੇਣ ਦੀ ਤੇ ਖੋਜ ਕਰਕੇ **ਅਸਲ** ਗੁਰਮਤਿ ਪ੍ਰਗਟਾਉਣ ਦੀ। ਗੁਰਮਤਿ ਧਰਮ ਵਿਸ਼ਵ ਧਰਮ ਹੈ। ਇਹ ਅਟਲ ਧਰਮ ਹੈ। ਖਾਲਸੇ ਨੂੰ ਅਕਾਲਪੁਰਖ ਨੇ ਆਪਣੀ "ਮੌਜ" ਵਿਚ, ਆਪਣੀ ਖਾਸ ਸ਼ਕਤੀ ਦੇਕੇ ਜਗਤ ਤੇ ਪ੍ਰਗਟ ਕੀਤਾ:—

ਖਾਲਸਾ ਅਕਾਲ ਪੁਰਖ ਕੀ ਫ਼ੌਜ॥
ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਫ਼ੌਜ॥

ਅਕਾਲ ਪੁਰਖ ਦੀ ਨਿਜੀ ਫ਼ੌਜ ਲਈ ਹੁਕਮ ਵੀ ਅਕਾਲ ਪੁਰਖ ਦੇ ਨਿਜੀ ਤੇ ਖਾਸ ਹੁਕਮ ਹਨ। ਅਕਾਲ ਪੁਰਖ ਦੀ ਤਰਾਂ ਉਸ ਦੇ ਹੁਕਮ ਵੀ "ਆਦਿ ਸਚੁ, ਜੁਗਾਦਿ ਸਚੁ. ਹੈਭੀ ਸਚੁ, ਨਾਨਕ ਹੋਸੀ ਭੀ ਸਚੁ" ਹਨ। ਇਸ ਖਾਸੁਲ ਖਾਸ ਤੇ ਖਾਲਸ ਧਰਮ ਦੇ ਅਸੂਲ ਕਦੇ ਭੀ ਐਸੇ ਨਹੀਂ ਹੋ ਸਕਦੇ ਜਿਨਾਂ ਦਾ ਮੁਢ ਤੇ ਪਛੋਕੜ ਇਕ ਖਾਸ ਸਮੇਂ ਵਾਪਰੀਆਂ ਇਤਿਹਾਸਕ ਘਟਨਾਵਾਂ ਹੀ ਹੋਣ। ਇਹ ਹੈ ਜ਼ਰਾ ਸੋਚਣ ਵਾਲੀ ਗਲ।

—o—



www.AKJ.Org

# ਮੌਤ:-ਆਤਮਾ ਦਾ ਪਰਮ-ਆਤਮਾ ਵਿਚ ਲੀਨ ਹੋਣਾ ?

(ਵਲੋਂ:—ਭਾਈ ਅਮ੍ਰੀਕ ਸਿੰਘ ਜੀ ਬੜੋਦਾ ਬੀ.ਏ.)

[ ਲੜੀ ਜੋੜਨ ਲਈ ਪਿਛਲਾ ਪਰਚਾ ਵੇਖੋ ]

ਤਾਂ ਤੇ ਠੀਕ ਇਹ ਹੀ ਹੈ ਕਿ ਅਕਾਲ ਪੁਰਖ ਵਿਚ ਲੀਨਤਾ ਪ੍ਰਾਪਤ ਕਰਨ ਲਈ ਸ੍ਰੀਰਕ ਮੌਤ ਦੀ ਕੋਈ ਸ਼ਰਤ ਨਹੀਂ ਤੇ ਨਾ ਹੀ "ਮੂਲ ਪਛਾਨਣ ਹਾਰੇ" ਸੁਹਾਗ ਸੁਭਾਗੇ ਆਪਣੇ ਸੁਹਾਗ ਲਈ ਮੌਤ ਦੇ ਦਿਨ ਦੀ ਇੰਤਜ਼ਾਰ ਵਿਚ ਬੈਠੇ ਹੋਏ ਹਨ। ਸਗੋਂ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਨਵੀਨਤਰ ਮਿਸਾਲ ਸਾਡੇ ਸਾਮ੍ਹਣੇ ਹੈ, ਆਪ ਜੀ ਨੂੰ ੨੫ ਸਾਲ ਦੀ ਆਯੂ ਵਿਚ ਅਕਾਲੀ ਜੋਤ ਜੀ ਦੇ ਦਰਸ਼ਨ ਪ੍ਰਾਪਤ ਹੋਏ (ਇਹੀ ਲੀਨਤਾ ਹੈ) ਤੇ ਆਪ ਲਗ ਭਗ ੯੩ ਸਾਲ ਦੀ ਆਯੂ ਤਕ ਨਾਮ ਜਪਦੇ ਜਪਾਉਂਦੇ, ਕੀਰਤਨ ਕਰਦੇ ਕਰਾਉਂਦੇ ਰਹੇ, ਧੁਰ ਦਰਗਾਹੀ ਹੁਕਮਾ ਦੀ ਪਾਲਣਾ ਕਰਦੇ ਰਹੇ-ਲੀਨ ਰਹੇ ॥

ਤਾਂਤੇ ਸਿਧ ਹੈ ਕਿ ਅਕਾਲ ਪੁਰਖ ਵਿਚ ਲੀਨਤਾ ਦਾ ਸੁਹਾਗ ਸੁਭਾਗ ਮੌਤ ਦੀ ਇੰਤਜ਼ਾਰ ਨਹੀਂ ਕਰਦਾ, ਸਗੋਂ ਅਸਲ ਵਿਚ ਸਰੀਰ ਦੇ ਹੁੰਦਿਆਂ ਹੀ ਪ੍ਰਾਪਤ ਹੁੰਦਾ ਹੈ, ਪਰ ਹੁੰਦਾ ਉਨ੍ਹਾਂ ਨੂੰ ਹੈ ਜਿਨ੍ਹਾਂ ਸੁਭਾਗਿਆਂ ਨੂੰ ਇਉਂ ਹੋਣਾ ਧੁਰ ਦਰਗਾਹੋਂ ਬਖਸ਼ਿਆ ਜਾਵੇ ॥

ਹਾਂ ਜੀ ! ਹੁਣ ਜਦ ਇਹ ਸਿਧ ਹੋ ਗਿਆ ਕਿ ਲੀਨਤਾ ਸ੍ਰੀਰਕ ਮੌਤ ਦੀ ਮੁਥਾਜ ਨਹੀਂ ਤਾਂ ਫਿਰ ਕਬੀਰ ਜੀ ਦੇ ੨੨ਵੇਂ ਸਲੋਕ ਦੀ ਦੂਜੀ ਤੁਕ "ਮਰਨੇ ਹੀ ਤੇ ਪਾਈਐ "ਪੂਰਨ ਪਰਮਾਨੰਦ" ਦੇ ਕੀ ਭਾਵ ਨਿਕਲੇ ?

ਕਬੀਰ ਸਾਹਿਬ ਨੇ ਤਾਂ 'ਹੀ' ਵਾਲੀ ਸ਼ਰਤ ਰਖ ਦਿਤੀ ਹੈ ॥

ਗੁਰਬਾਣੀ ਅਤੇ ਗੁਰੂ ਸਾਹਿਬ ਜੀ ਨੇ ਆਪ ਜੀ ਦੇ ਸਿੰਘਾਂ ਦੀਆਂ ਜੀਵਨੀਆਂ ਤੋਂ ਅਸੀਂ ਉਪਰ ਲਿਆ ਹੈ ਕਿ ਪਰਮਾਨੰਦ ਦੀ ਪ੍ਰਾਪਤੀ ਜੀਉਂ-ਦਿਆਂ ਤੇ ਕੇਵਲ ਜੀਉਂਦਿਆਂ ਹੀ ਹੋ ਸਕਦੀ ਹੈ ਇਹ ਵੀ ਅਸੀਂ ਜਾਣਦੇ ਹਾਂ ਕਿ ਸਰਬਗ ਸਤਿ-ਗੁਰੂ ਕਬੀਰ ਸਾਹਿਬ ਜੀ ਦੀਆਂ ਸਭ ਰਮਜ਼ਾਂ ਨੂੰ ਸਮਝਦੇ ਸਨ ਤੇ ਇਹ ਵੀ ਜਾਣਦੇ ਹਾਂ ਕਿ ਹਜ਼ੂਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਾਰੀ ਬਾਣੀ ਇਕੋ ਆਸ਼ੇ ਵਾਲੀ ਚੜ੍ਹਾਈ ਹੈ Conflicting ਤੇ Contiadictory ਵਿਚਾਰ ਇਸ ਵਿਚ ਕੋਈ ਨਹੀਂ ਹਨ, ਫਿਰ ਤਾਂ ਇਹ ਕੋਈ ਗੋਝ ਹੈ ਜੇਹੜਾ ਸਾਡੀ ਸਮਝ ਵਿਚ ਨਹੀਂ ਆ ਰਿਹਾ, ਆਉ ਗੁਰੂ



www.AKJ.Org

ਸਾਹਿਬ ਤੋਂ ਸੋਝੀ ਮੰਗੀਏ। ਪਹਿਲੋਂ ਵੀਚਾਰੀਏ ਕਬੀਰ ਜੀ ਦਾ ੨੯ਵਾਂ ਸਲੋਕ

"ਕਬੀਰ ਮਰਤਾ ਮਰਤਾ ਜਗੁ ਮੂਆ
ਮਰਿ ਭੀ ਨ ਜਾਨਿਆ ਕੋਇ
ਐਸੇ ਮਰਨੇ ਜੋ ਮਰੈ
ਬਹੁਰਿ ਨ ਮਰਨਾ ਹੋਇ"

ਸਮੁਚੇ ਤੌਰ ਤੇ ਜਗਤ ਤਾਂ ਹਾਲੇ ਵੀ ਜਿਊਂਦਾ ਹੈ ਤਾਂਤੇ ਇਹ ਇਸ਼ਾਰਾ ਜਗਤ ਦੇ ਮੈਂਬਰ ਹਰ ਇਕ ਜੀਵ ਵਲ ਹੈ, ਜੋ ਮਰ ਚੁਕਾ ਹੈ ਤੇ ਉਹ "ਮੁਰਤਾ ਮਰਤਾ-ਮੂਆ" ਕਿਵੇਂ ? ਇਸ ਦਾਮਤਲਬ ਇਹ ਹੋਇਆ ਕਿ ਜੀਵ ਸਰੀਰਕ ਮੌਤ (ਜੋ ਇਕ ਜਾਮੇ ਵਿਚ ਇਕ ਵਾਰੀ ਆਉਂਦੀ ਹੈ) ਤੋਂ ਪਹਿਲੇ ਹੀ ਮਰ ਰਿਹਾ ਹੈ ਦਾ ਇਸ਼ਾਰਾ ਹੈ, ਭਾਵ ਜਦੋਂ ਜੀਵ ਮਾਇਆਂ ਦੀ ਖਾਤਰ ਭਟਕਦਾ ਹੈ, ਉਹ ਇਸ ਮਾਇਆ ਨੂੰ ਹੀ ਆਪਣੇ ਜੀਵਨ ਦਾ ਸਹਾਰਾ ਬਣਾਈ ਬੈਠਾ ਹੁੰਦਾ ਹੈ ਤੇ ਜੀਵ ਹਰ ਵੇਲੇ ਇਸ ਡਰ ਨਾਲ ਮਰਦਾ ਰਹਿੰਦਾ ਹੈ ਕਿ ਹੁਣੇ ਕਿਤੇ ਮੌਤ ਨਾ ਆ ਜਾਏ, ਤੇ ਮੇਰੀ ਰਾਸ ਪੂੰਜੀ (ਮਾਇਆ ਜਿੰਦ ਜਾਨ ਮਨੀ ਬੈਠਾ) ਮੈਥੋਂ ਖੁਸ ਨਾ ਜਾਏ, ਇਸ ਜੋੜੀ ਨੂੰ ਹੋਈ ਛੇਤੀ ਹੀ ਨਾ ਛਡਣਾ ਪੈ ਜਾਏ, ਇਸ ਆਉਣ ਵਾਲੀ ਮੌਤ ਦੇ ਸਹਿਮ ਵਿਚ ਹੀ ਮਨੁਖ ਪਿਆ ਇਕ ੨ ਦਿਨ ਵਿਚ ਹਜ਼ਾਰ ਵਾਰੀ ਮਰਦਾ ਹੈ। ਇਸ ਘੜੀ ਘੜੀ ਦੇ ਮਰਨ ਨੂੰ ਤਕ ਕੇ ਹੀ ਕਬੀਰ ਸਾਹਿਬ ਜੀ ਨੇ ਇਕ ਸਲੋਕ ਉਚਾਰਿਆ ਜਿਸ ਵਿਚ "ਐਸੇ ਮਰਨੇ"? ਕਬੀਰ ਸਾਹਿਬ ਜੀ ਇਸ ਸਲੋਕ ਤੋਂ ਪਹਿਲੇ ੨੮ਵੇਂ ਸਲੋਕ ਵਿਚ ਦਸ ਆਏ ਹਨ।

"ਕਬੀਰ ਇਹੁ ਤਨੁ ਜਾਇਗਾ, ਕਵਨੈ ਮਾਰਗਿ ਲਾਇ
ਕੈ ਸੰਗਤਿ ਕਰਿ ਸਾਧ ਕੀ ਕੈ ਹਰ ਕੇ ਗੁਨ ਗਾਇ"

ਭਾਵ ਮਰਨ ਦੇ ਡਰ ਤੋਂ ਬਚਣ ਦਾ ਤਰੀਕਾ ਤਾਕਿ 'ਬਹੁਰ ਨਾ ਮਰਨਾ ਹੋਏ," "ਸੰਗਤਿ ਕਰ ਸਾਧ ਕੀ," "ਹਰ ਕੇ ਗੁਣ ਗਾਏ" ਹੀ ਹੈ। ਇਸੇ ਖਿਆਲ ਨੂੰ ੨੯ਵੇਂ ਸਲੋਕ ਵਿਚ ਇਸ਼ਾਰੇ ਮਾਤਰ ਆਖਦੇ ਹਨ "ਐਸੇ ਮਰਨੇ ਜੋ ਮਰੈ" ਤਾਂਕੇ ਬਹੁਰ ਨ ਮਰਨਾ ਹੋਇ," ਕਿਉਂਕਿ "ਸਾਧ ਸੰਗਤ" ਤੇ "ਹਰ ਕੇ ਗੁਣ ਗਾਏ" ਦੁਆਰਾ ਹੀ ਅਸੀਂ ਇਨਾਂ ਦੁਨਿਆਵੀ ਮੋਹ ਮਾਇਆ ਵਲੋਂ ਮਰ ਸਕਦੇ ਹਾਂ ਜਾਂ ਹਟ ਸਕਦੇ ਹਾਂ।

ਇਸੇ ਵਿਚਾਰ ਨੂੰ ਗੁਰੂ ਅਮਰਦਾਸ ਪਾਤਸ਼ਾਹ ਜੀ ਨੇ ਬਿਹਾਗੜੇ ਦੀ ਵਾਰ ਦੀ ਪਉੜੀ ੧੭ਵੀਂ ਸਪਸ਼ਟ ਕੀਤਾ ਹੈ

ਇਸਤਰ੍ਹਾਂ:—ਕਬੀਰ ਮੁਰਤਾ ਮਰਤਾ ਜਗੁ ਮੂਆ,
ਮਰਿ ਭੀ ਨ ਜਾਨੈ ਕੋਇ।
ਐਸੀ ਮਰਨੀ ਜੋ ਮਰੇ ਬਹੁਰਿ ਨਾ
ਮਰਨਾ ਹੋਇ ॥੧॥

ਕਬੀਰ ਸਾਹਿਬ ਜੀ ਦੇ "ਐਸੀ ਮਰਨੀ" ਦੇ ਭੇਦ ਖੋਲਣ ਲਈ ਨਾਲ ਹੀ ਲਿਖਦੇ ਹਨ

"ਮ: ੩ ॥ ਕਿਆ ਜਾਣਾ ਕਿਵ ਮਰਹਿੰਗੇ, ਕੈਸਾ ਮਰਨਾ ਹੋਇ।
ਜੇ ਕਰ ਸਾਹਿਬ ਮਨਹੁ ਨ ਵੀਸਰੈ, ਤਾ ਸਹਿਲਾ ਮਰਨਾ ਹੋਇ।
ਮਰਨੇ ਤੇ ਜਗਤ ਡਰੇ, ਜੀਵਿਆ ਲੋੜੇ ਸਭ ਕੋਇ।
ਗੁਰ ਪਰਸਾਦੀ ਜੀਵਤ ਮਰੈ ਹਕਮੇ ਬੂਝੇ ਸੋਇ।
ਨਾਨਕ ਐਸੀ ਮਰਨੀ ਜੋ ਮਰੇ ਤਾ ਸਦ ਜੀਵਣ ਹੋਇ ॥

ਸੋ ਐਸੀ ਮਰਨੀ ਅਸਲ ਵਿਚ "ਜੀਵਤ ਮਰੇ ਭਾਵ ਆਪੁ ਤਿਆਗੇ। ਹੁਣ ਗੋਝ ਸਪਸ਼ਟ ਹੈ। "ਜੀਵਤ ਮਰਨ ਨਾਲ "ਸਦ ਜੀਵਣ ਬਿਹੁਰ ਨਾ ਮਰਨਾ ਹੋਇ) ਹੋ ਜਾਂਦਾ ਹੈ। ਇਹ "ਜੀਵਤ ਮਰੈ" ਸ਼ਰੀਰਕ ਮੌਤ ਦਾ ਨਾਮ ਤਾਂ ਹੈ ਨਹੀਂ ਸਪਸ਼ਟ ਗਲ ਹੈ ਸਾਰੀ ਤੇ "ਜੀਵਤ ਮਰੈ" ਹੀ "ਐਸੀ


www.AKJ.Org

ਮਰਨੀ" ਹੈ, ਗੁਰੂ ਅਮਰਦਾਸ ਜੀ ਸੋਝੀ ਪਾ ਰਹੇ ਹਨ ਤਾਂਤੇ ਕਬੀਰ ਜੀ ਦੇ ਸਲੋਕ ਵਿਚੋਂ ਸ੍ਰੀਰਕ ਮੌਤ ਦੇ ਅਰਥ ਕਢਣੇ ਬੜੀ ਵਡੀ ਭੁਲ ਹੈ. ਸਹੀ ਅਰਥ ਇਹ ਹੋਣੇ ਚਾਹੀਦੇ ਹਨ :—

ਹੇ ਕਬੀਰ ਇਹ ਜਗਤ ਤਾਂ ਹਰ ਵੇਲੇ ਮੌਤ ਦੇ ਸਹਿਮ ਵਿਚ ਹੀ ਮਰਦਾ ਰਹਿੰਦਾ ਹੈ ਕਿਸੇ ਨੂੰ ਵੀ ਇਹ ਸਮਝ ਨਹੀਂ ਆਉਂਦੀ ਪਈ ਕਿ ਮੌਤ ਦਾ ਇਹ ਡਰ ਕਿਵੇਂ ਮੁਕਾਇਆ ਜਾਏ। ਜੇ ਮਨੁਖ ਜੀਉਂਦਾ ਹੀ ਮਰਦਾ ਹੈ ਆਪਾਤਿਆਗ ਕੇ ਨਾਮ ਜਪ ਜਪ ਕੇ-"ਸਾਧ ਸੰਗਤ" ਵਿਚ "ਹਰ ਕੇ ਗੁਣ ਗਾਇ" ਕੇ) ਉਸ ਨੂੰ ਫਿਰ ਇਸ ਮੌਤ ਦਾ ਡਰ ਨਹੀਂ ਰਹਿੰਦਾ॥"

"ਜੀਵਤ ਮਰੇ ਸੁ ਨ ਮਰੇ"

ਹੁਣ ਪਹਿਲੇ ਦਿਤੇ ਸਲੋਕ "ਕਬੀਰ ਜਿਸ ਮਰਨੇ ਤੇ ਜਗ ਡਰੇ ਮੇਰੇ ਮਨ ਅਨੰਦ, ਮਰਨੇ ਹੀ ਤੇ ਪਾਈਐ" ਪੂਰਨ ਪਰਮਾਨੰਦ।੨੨। ਦੇ ਅਰਥ ਵੀ ਉਪਰੋਕਤ ਚਾਨਣੇ ਵਿਚ ਸੁਖੈਨ ਹੋ ਗਏ ਹਨ।

"ਮਰਨੈ ਹੀ ਤੇ ਪਾਈਐ" ਹਾਂ ਜੀ ਜੀਵਤ ਮਰੈ ਤਾਂ ਹੀ ਤੇ ਕੇਵਲ ਤਾਂ ਹੀ ਸ਼ਰਤੀਆ ਗਲ ਹੈ—ਅਮਰ ਸਚਾਈ ਹੈ) ਪ੍ਰਾਪਤੀ ਹੋਵੇਗੀ ਪਰਮਾ-ਨੰਦ ਪਰਮਾਤਮਾ ਦੀ ਜੀਉਂਦਿਆਂ ਹੀ ਮਰਨਾਂ ਹੈ। ਇਸ ਦੁਨੀਆਂ ਦੇ ਮੋਹ ਮਾਇਆ ਤੋਂ ਰਹਿਤ ਹੋਣਾ ਹੈ। ਇਨ੍ਹਾਂ ਵਾਸਤੇ ਆਪਣੇ ਆਪ ਨੂੰ ਮਰ ਗਏ ਸਮਝਣਾ ਪਏਗਾ ਇਨ੍ਹਾਂ ਨੂੰ ਤਿਆਗਣਾ ਪਏਗਾ। ਸਾਰਾ ਜਗਤ ਇਨ੍ਹਾਂ ਨੂੰ ਤਿਆਗਣ ਤੋਂ ਡਰਦਾ ਹੈ। ਜਗਤ ਦੇ ਜੀਵ ਤਾਂ ਇਸ ਮੋਹ ਮਾਇਆ ਤੋਂ ਸੁਖ ਦੀ ਆਸ ਰਖਦੇ ਹਨ ਇਸੇ ਹੀ ਕਾਰਨ ਜੀਵ ਮੋਹ ਮਾਇਆ ਤੋਂ ਆਪਣੇ ਆਪ ਨੂੰ ਤੋੜਨ ਤੋਂ ਝਕਦੇ ਹਨ, ਡਰਦੇ ਹਨ॥ ਹੁਣ ਅਰਥ ਸਪਸ਼ਟ ਹਨ।

"ਹੇ ਕਬੀਰ ਜਿਸ (ਮੋਹ ਦੇ ਤਿਆਗਰੂਪ) ਮੌਤ ਤੋਂ ਜਗਤ ਡਰਦਾ ਹੈ, ਉਸ ਨਾਲ ਮੇਰੇ ਮਨ ਵਿਚ ਖੁਸ਼ੀ ਪੈਦਾ ਹੁੰਦੀ ਹੈ। ਦੁਨੀਆਂ ਦੇ ਇਸ ਮੋਹ ਵਲੋਂ ਮਰਿਆਂ ਹੀ (ਜੀਵਤ ਮਰਿਆਂ) ਉਹ ਪਰਮਾਤਮਾ ਮਿਲਦਾ ਹੈ ਜੋ ਮੁਕੰਮਲ ਅਨੰਦ ਹੈ ਸਭ ਤੋਂ ਵਡੀ ਖੁਸ਼ੀ ਹੈ।

ਕਈ ਉਘੇ ਲਿਖਾਰੀ "ਮਰਨੇ ਹੀ ਤੇ ਪਾਈਐ ਪੂਰਨ ਪਰਮਾਂਨੰਦ ਦੀ ਤੁਕ ਨੂੰ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਦੀ ਸ਼ਹੀਦੀ ਲਿਖਦਿਆਂ ਗੁਰੂ ਸਾਹਿਬ ਜੀ ਨਾਲ ਜੋੜ ਦਿੰਦੇ ਹਨ ਕਿ 'ਗੁਰੂ ਸਾਹਿਬ ਦਾ ਮਨ ਸ਼ਾਂਤ ਸੀ ਉਹ ਮੌਤ ਦੀ ਅਸਲੀਅਤ ਨੂੰ ਸਮਝਦੇ ਸਨ ਕਿ "ਮਰਨੇ ਹੀ ਤੇ ਪਾਈਐ ਪੂਰਨ 'ਪਰਮਾ ਨੰਦ' ਦੁਖ ਉਠਦਾ ਹੈ ਪਤ੍ਰ ਕੇ। ਕੀ ਇਹ ਲਿਖਾਰੀ ਇਹ ਸਮਝੀ ਬੈਠੇ ਹਨ ? ਕਿ ਗੁਰੂ ਅਰਜਨ 'ਪਰਤਖ ਹਰਿ' ਅਜੇ ਪਰਮਾਨੰਦ ਤੋਂ ਬਗੈਰ ਹੀ ਬੈਠੇ ਸਨ? ਤੇ ਕੀ ਉਹ ਇਸ ਪ੍ਰਮਾਨੰਦ ਲਈ ਸ਼ਹੀਦੀ ਪਰਾਪਤ ਕਰ ਰਹੇ ਸਨ ? ਤਾਂਤੇ ਅਜਿਹੀਆਂ ਤੁਕਾਂ ਨੂੰ ਬਹੁਤ ਸੋਚ ਸਮਝ ਕੇ ਵਰਤਣਾ ਚਾਹੀਦਾ ਹੈ, ਮਤੇ ਸਾਡੀ ਭੁਲ ਦੇ ਕਾਰਨ ਗੁਰੂ ਸਾਹਿਬ ਦੀ ਸ਼ਾਨ ਵਿਚ ਫਰਕ ਆ ਜਾਏ।

ਇਸੇ ਰੋਸ਼ਨੀ (ਜੀਵਤ ਮਰਨ ਦੇ ਅਰਥਾਂ ਵਾਲੀ) ਵਿਚ ਪ੍ਰਚਾਰਕਾਂ ਅਥਵਾ ਲੇਖਕਾਂ ਵਲੋਂ ਵਰਤੇ ਜਾਂਦੇ ਤੀਜੇ ਸਲੋਕ—


www.AKJ.Org

'ਕਬੀਰ ਮੋਹਿ ਮਰਨੇ ਕਾ ਚਾਉ ਹੈ ਮਰਉ ਤਾ ਹਰਿ ਕੇ ਦੁਆਰ
ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੇ ਬਾਰ।੬੧।
ਦੇ ਵੀ ਅਰਥ ਇਸਤਰ੍ਹਾਂ ਹੋਣਗੇ:—

ਹੇ ਕਬੀਰ! ਮੇਰੇ ਮਨ ਦੀ ਖਾਹਸ਼ ਹੈ, ਮੈਨੂੰ ਚਾਓ ਹੈ ਕਿ ਮੈਂ (ਜੀਵਤ ਮਰਾਂ) ਮੋਹ ਮਾਇਆ ਮਮਤਾ ਤਿਆਗ ਦਿਆਂ ਆਪ ਮਿਟਾ ਦਿਆਂ, ਪਰ ਇਹ ਮੋਹ ਮਾਇਆ ਤਾਂ ਹੀ ਤਿਆਗੀ ਜਾ ਸਕਦੀ ਹੈ। 'ਆਪਾ' ਨਿਜ Self 'ਮੈਂ') ਤਾਂ ਹੀ ਮਿਟਾਇਆ ਜਾ ਸਕਦਾ ਹੈ ਜੇ ਪ੍ਰਭੂ ਦੇ ਦਰ ਤੇ ਡਿਗ ਪਈਏ (ਕਬੀਰ ਸਾਹਿਬ ਜੀ ਸਲੋਕ ੨੮ ਵਿਚ 'ਸਾਧ ਸੰਗਤ' ਦਾ ਸੁਝਾਓ ਵੀ ਦੇ ਚੁਕੇ ਹਨ)ਇਸ ਤਰ੍ਹਾਂ ਸ਼ਾਇਦ ਮਿਹਰ ਕਰ ਹੀ ਦੇਵੇ ਉਹ ਬਖਸ਼ਿੰਦ ਵਾਹਿਗੁਰੂ ਕਦੇ ਪੁਛ ਹੀ ਲੈਣ, (ਰਹਿਮ ਕਰ ਦੇਣ) ਮੇਰੇ ਦਰ ਤੇ ਕਉਣ ਢਠਾ ਪਿਆ ਹੈ ਤੇ ਤਰਸ ਵਿਚ ਆ ਜਾਣ। ਮੋਹ ਮਾਇਆ ਤਿਆਗ ਕੇ ਵੀ ਕੋਈ ਡੀਂਗ ਨਹੀਂ ਮਾਰ ਸਕਦਾ ਇਸ ਲਈ ਸਦਾ ਸਚੇ ਪਾਤਸ਼ਾਹ ਦੇ ਦਰ ਤੇ ਰਹਿਮ ਤੇ ਮਿਹਰ ਦੀ ਅਰਦਾਸ ਹੀ ਕਰੀਏ।

ਉਪਰੋਕਤ ਸਾਰੇ ਸਲੋਕ ਜੀਵਤ ਮਰੋ ਅਰਥਾਤ 'ਆਪ ਤਿਆਗ' ਦਾ ਉਪਦੇਸ਼ ਦੇ ਰਹੇ ਹਨ ਨਾਕਿ ਸ਼ਰੀਰਕ ਮੌਤ ਦੇ ਗੁਣ ਗਾ ਰਹੇ ਹਨ।

ਜਿਨ੍ਹਾਂ ਨੇ ਆਪਾ ਤਿਆਗਿਆ, ਜੀਵਤ ਮਰੇ ਉਨ੍ਹਾਂ ਨੂੰ ਗੁਰੂ ਸਾਹਿਬ ਦੀ ਅਪਾਰ ਬਖਸ਼ਸ਼ ਦਾ ਸਦਕਾ ਪ੍ਰਮਾਤਮਾ ਵਿਚ ਲੀਨਤਾ ਪ੍ਰਾਪਤ ਹੋਈ। ਪ੍ਰਭੂ ਮਿਲਾਪ ਦਾ ਸੁਭਾਗ ਪ੍ਰਾਪਤ ਹੋਇਆ ਜੀਉਂਦਿਆਂ ਹੀ 'ਨਾਮਜਾਪ' ਰੂਪੀ ਗੁਰੂ ਸਾਹਿਬ ਜੀ ਦੀ ਅਪਾਰ ਬਖਸ਼ਿਸ਼ ਦਾ ਸਦਕਾ।

*ਗੁਰ ਗੁਰ ਕਰਤ ਸਰਨ ਜੇ ਆਵੇ
ਪ੍ਰਭ ਆਇ ਮਿਲੇ ਖਿਨ ਢੀਲ ਨਾ ਪਾਈਐ'

ਦੇ ਮਹਾਂ ਵਾਕ ਅਨੁਸਾਰ

*ਨਾਮ ਜਪ ਕੇ
ਆਪ ਤਿਆਗ ਕੇ ਹੀ ਸਰਨ ਆ ਸਕੀਦਾ ਹੈ ਅਸਲ ਅਰਥਾਂ ਵਿਚ

ਇਸ ਲਈ ਪ੍ਰਮਾਤਮਾ ਵਿਚ ਲੀਨ ਹੋਣਾ ਸ਼ਰੀਰ ਦੇ ਜੀਉਂਦਿਆਂ ਹੀ ਹੋ ਸਕਦਾ ਹੈ ਤੇ ਕੇਵਲ ਜੀਉਂਦਿਆਂ ਹੀ ਨਾ ਕਿ ਮੌਤ ਉਪ੍ਰੰਤ ਤਾਂ ਤੇ ਸੁਹਾਗ ਪ੍ਰਾਪਤੀ ਦੇ ਸਾਧਨਾਂ ਨੂੰ ਮੌਤ ਤਕ Post pone ਕਰਨ ਨਾਲੋਂ ਹੁਣ ਤੋਂ ਹੀ ਨਾਮ ਜਪਣਾ ਅਰੰਭ ਕਰਨਾ ਚਾਹੀਦੇ॥

—

## ✢ ਜ਼ਰੂਰੀ ਬੇਨਤੀ ✢

ਲੇਖਕ ਵੀਰਾਂ ਦੀ ਸੇਵਾ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ ਲੇਖ ਭੇਜਣ ਤੋਂ ਪਹਿਲਾਂ ਲੇਖ ਦੀ ਸੁਧਾਈ ਜ਼ਰੂਰ ਕਰ ਲਿਆ ਕਰਨ ਤੇ ਲੇਖ ਕਾਗਜ਼ ਦੇ ਇਕ ਪਾਸੇ ਖੁਸ਼ਖਤ ਲਿਖਿਆ ਹੋਣਾ ਜ਼ਰੂਰੀ ਹੈ, ਤੇ ਨਾਲ ਹੀ ਗੁਰਬਾਣੀ ਦੀਆਂ ਤੁਕਾਂ ਦੀ ਸੁਧਾਈ ਹੋਣੀ ਚਾਹੀਦੀ ਹੈ ਅਤੇ ਲੇਖ ਸੰਖੇਪ ਹੋਵੇ ਤਾਕਿ ਹੋਰ ਲੇਖਕਾਂ ਨੂੰ ਵੀ ਮੌਕਾ ਮਿਲ ਸਕੇ।

ਦਾਸ—ਮੈਨੇਜਰ, 'ਸੂਰਾ' ਪਟਿਆਲਾ


www.AKJ.Org

# ਜਾਗੋ ਜਾਗੋ ਜਾਗੋ !

[ ਦੂਜਾ ਭਾਗ ]

ਪ੍ਰਾਨੀ ਪਰਮ ਪੁਰਖ ਪਗ ਲਾਗੋ ॥ ਸੋਵਤ ਕਹਾ ਮੋਹ ਨਿਦ੍ਰਾ ਮੈ
ਕਬਹੂੰ ਸੁਚਿਤ ਹਵੈ ਜਾਗੋ ॥

ਇਨਸਾਨ ਨੂੰ ਇਸ ਗੁਰਮਤਿ ਜਾਗ੍ਰਤ ਅਵਸਥਾ ਦਾ ਪਤਾ ਕਯੋਂ ਨਹੀਂ ਲਗਦਾ । ਇਸ ਬਾਰੇ ਗੁਰਬਾਣੀ ਰਾਹੀਂ ਗੁਰੂ ਸਹਿਬਾਂ ਨੇ ਅਨੇਕਾਂ ਤਰੀਕਿਆਂ ਨਾਲ, ਅਨੇਕਾਂ ਦਲੀਲਾਂ ਦੇਕੇ ਸਮਝਾਣ ਦਾ ਯਤਨ ਕੀਤਾ ਹੈ । ਉਧਾਰਨ ਦੇ ਤੌਰ ਤੇ ਮ੍ਰਿਗ ਤ੍ਰਿਸ਼ਨਾ ਸੁਪਨ ਅਵਸਥਾ, ਆਦਿ ਅਨੇਕਾਂ ਪ੍ਰਮਾਣ ਅਨੇਕਾਂ ਤਰੀਕੇ ਨਾਲ ਲਿਖੇ ਮਿਲਦੇ ਹਨ ਪਰ ਇਥੇ ਕੇਵਲ ਇਕੋ ਦਲੀਲ ਸੁਪਨ ਅਵਸਥਾ ਜਿਸ ਨੂੰ ਕਿ ਸਭ ਜਾਨਦੇ ਹਨ, ਲਿਖਨ ਦਾ ਯਤਨ ਥਲੇ ਕੀਤਾ ਜਾ ਰਿਹਾ ਹੈ ਜਿਸ ਤੋਂ ਇਹ ਸਪਸ਼ਟ ਹੋ ਜਾਇਗਾ ਕਿ ਜਿਸ ਤਰੀਕੇ ਨਾਲ ਸੁਤੇ ਪੈ ਇਨਸਾਨ ਨੂੰ ਸੁਪਨ ਸਮਯ ਇਹ ਨਹੀਂ ਪਤਾ ਰਹਿੰਦਾ ਕਿ ਮੈਂ ਸੁਤਾ ਪਿਆ ਹਾਂ ਅਤੇ ਇਹ ਸੁਪਨ ਅਵਸਥਾ ਝੂਠੀ ਹੈ ਬਿਲਕੁਲ ਇਸ ਤਰੀਕੇ ਨਾਲ ਕੋਈ ਜਨਮ ਜਨਮਾਤਰਾਂ ਤੋਂ ਕਾਮ ਕਰੋਧ ਲੋਭ...ਆਦਿ ਵਿਚ ਸੁਤੇ ਪੈ ਇਨਸਾਨ ਨੂੰ ਅਪਨੇ ਆਪ ਜਾਗ੍ਰਤ ਦਾ ਪਤਾ ਨਹੀਂ ਲਗ ਸਕਦਾ । ਯਥਾ ਗੁਰਵਾਕ:—

ਬੈਰ ਬਿਰੋਧ ਕਾਮ ਕ੍ਰੋਧ ਮੋਹ । ਝੂਠ ਬਿਕਾਰ ਮਹਾ ਲੋਭ ਧ੍ਰੋਹ । ਇਆਹੂ ਜੁਗਤਿ ਬਿਹਾਨੇ ਕਈ ਜਨਮ । ਨਾਨਕ ਰਾਖ ਲੇਹੁ ਆਪਨ ਕਰਿ ਕਰਮ · (ਸੁਖਮਨੀ)

## ਸਵਪਨ ਅਵਸਥਾ

''ਝੂਠੈ ਮਾਨੁ ਕਹਾ ਕਰੈ ਜਗੁ ਸੁਪਨੇ ਜਿਉ ਜਾਨ ।'

ਜਦ ਪ੍ਰਾਨੀ ਸੁਤਾ ਪਿਆ ਕੋਈ ਸੁਪਨ ਦੇਖਦਾ ਹੈ ਤਦ ਉਹ ਇਹ ਨਹੀਂ ਕਹਿੰਦਾ ਕਿ ਮੈਂ ਇਹ ਸੁਪਨਾ ਦੇਖ ਰਿਹਾ ਹਾਂ। ਕਯੋਂ ਕਿ ਅਗਰ ਪ੍ਰਾਣੀ ਇਹ ਸਮਝ ਜਾਏ ਕਿ ਮੈਂ ਸੁਪਨ ਦੇਖ ਰਿਹਾ ਹਾਂ ਅਤੇ ਸੁਪਨਾ ਝੂਠਾ ਹੋਂਦਾ ਹੈ ਤਦ ਪ੍ਰਾਣੀ ਕਿਸੇ ਭਯਾਨਕ, ਡਰਾਉਨੀ, ਚੀਜ਼ ਸਰਪ ਸ਼ੇਰ ਚੀਤਾ ਆਦਿ ਨੂੰ ਦੇਖ ਕੇ ਸੁਪਨੇ ਵਿਚ ਚੀਕਾਂ ਨ ਮਾਰੇ, ਡਸਕੋਰੇ ਨਾ ਭਰੇ ਪਰ ਐਸਾ ਦੇਖਿਆ ਗਿਆ ਹੈ ਤੇ ਦੇਖਿਆ ਜਾ ਸਕਦਾ ਹੈ। ਜਦ ਪ੍ਰਾਣੀ ਇਸ ਸੁਪਨ ਅਵਸਥਾ ਤੋਂ ਇਕ ਦਮ ਚਉਂਕ ਕੇ ਜਾਗਦਾ ਹੈ ਤਦ ਕਹਿੰਦਾ ਹੈ ਕਿ ਇਹ ਤਾਂ ਮੈਂ ਸੁਪਨਾ ਦੇਖ ਰਿਹਾ ਸਾਂ, ਮੇਰੇ ਨਾਲ ਐਵੇਂ ਹੀ ਧੋਖਾ ਹੀ ਹੋਇਆ ਹੈ। ਐਸੀਆਂ ਘਟਨਾਵਾਂ



www.AKJ.Org

ਸਾਡੇ ਨਾਲ ਨਿਤਾ ਪ੍ਰਤਿ ਵਾਪਰਦੀਆਂ ਹਨ ਪਰ ਅਸੀਂ ਇਧਰ ਧਿਆਨ ਨਹੀਂ ਦੇਂਦੇ ।

ਇਸ ਗਲ ਤੋਂ ਤਾਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ ਕਿ ਸੁਪਨ ਝੂਠਾ ਹੋਂਦਾ ਹੈ ਪਰ ਜੇ ਅਜੇ ਵੀ ਕਿਸੇ ਨੂੰ ਇਸ ਦੇ ਸਚੇ ਹੋਨ ਦਾ ਸ਼ਕ ਹੋਏ ਤਾਂ ਉਹ ਸੋਚੇ ਕਿ ਕੀ ਜੋ ਸੁਪਨੇ ਅੰਦਰ ਮੈਂ ਪਹਾੜ, ਨਦੀਆਂ, ਸਮੁੰਦਰ, ਅਕਾਸ਼ ਨੂੰ ਛੂਹ ਰਹੀਆਂ ਸੀੜੀਆਂ ਆਦਿ ਦੇਖ ਰਿਹਾ ਹਾਂ ਉਹ ਮੇਰੇ ਸ਼ਰੀਰ ਅੰਦਰ ਆ ਸਕਦੇ ਹਨ-ਕਦਾਪਿਨਹੀ ਇਹ ਤਾਂ ਸ਼ਰੀਰ ਵਿਚ ਇਕ ਨਾੜੀ ਹੈ ਜੋ ਮੰਨ ਨੂੰ ਸੁਪਨਾ ਘੜਨ ਦੀ ਪਰੇਰਨਾ ਦੇ ਕੇ ਸੁਪਨੇ ਦੀ ਦੁਨੀਆਂ ਘੜ ਲੈਂਦੀ ਹੈ । ਅਸੀਂ ਸੁਪਨੇ ਵਿਚ ਕਿਧਰੇ ਆਪਣੇ ਆਪ ਨੂੰ ਸਮੁੰਦਰ ਵਿਚ ਡੁਬਦਾ ਦੇਖਦਾ ਹਾਂ, ਕਿਧਰੇ, ਮੌਤ ਹੋਂਦੀ ਦੇਖ ਕੇ ਰੋਂਦੇ ਹਾਂ, ਕਿਧਰੇ ਖੁਸ਼ੀ ਦੇਖ ਕੇ ਰੰਗ ਰਲੀਆਂ ਮਾਨ ਰਹੇ ਹੋਂਦੇ ਹਾਂ, ਕਿਧਰੇ ਰਾਜਾ ਬਨ ਦੇ ਰਾਜ ਤਖਤ ਤੇ ਬੈਠੇ ਹਾਂ, ਕਿਧਰੇ ਫਕੀਰ, ਕੰਗਾਲ ਬਨੀ ਬੈਠੇ ਹਾਂ । ਇਥੇ ਹੀ ਬਸ ਨਹੀਂ ਸੁਪਨੇ ਵਿਚ ਤਾਂ ਨੇਤ੍ਰਹੀਨ ਨੂੰ ਨੇਤ੍ਰ, ਲੰਗੜੇ ਲੂਲੇ ਨੂੰ ਹਥ ਪੈਰ, ਬੋਹਰੇ ਨੂੰ ਸਰੋਤ ਸ਼ਕਤੀ ਨਸੀਬ ਹੋ ਜਾਂਦੀ ਹੈ ਪਰ ਅਫਸੋਸ ਕਿ ਇਹ ਸਾਰੀ ਖੇਡ ਇਕ ਛਿਨ ਮਾਤ੍ਰ ਜਾਗ੍ਰਤ ਅਵਸਥਾ ਆਨ ਤੇ ਮਿਥਿਆ ਸਾਬਤ ਹੋ ਜਾਂਦੀ ਹੈ ਇਸੇ ਲਈ ਗੁਰੂ ਸਾਹਿਬਾਂ ਨੇ ਇਸ ਸੰਸਾਰ ਨੂੰ ਸੁਪਨੇ ਦੀ ਤੁਲਨਾ ਦੇ ਕੇ ਸਮਝਾਨ ਦਾ ਯਤਨ ਕੀਤਾ ਹੈ । ਯਥਾ ਗੁਰਵਾਕ:—

ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥
ਦ੍ਰਿਸਟਿਮਾਨ ਸਭ ਬਿਨਸੀਐ ਕਿਆ ਲਾਗਹਿ ਗਵਾਰ ॥

ਇਸ ਲਈ ਗੁਰੂ ਸਾਹਿਬ ਬਾਰ ਬਾਰ ਕਹਿ ਰਹੇ ਹਨ ।

ਜਾਗ ! ਜਾਗ !! ਜਾਗ !!!

## ਜਾਗ੍ਰਿਤ ਲਈ ਗੁਰਮਤਿ ਦੀ ਲੋੜ

ਉਪਰੋਕਤ ਸੁਪਨ ਅਵਸਥਾ ਦੇ ਪ੍ਰਮਾਣ ਤੋਂ ਇਹ ਭਲੀ ਭਾਂਤਿ ਸਪਸ਼ਟ ਹੋ ਜਾਂਦਾ ਹੈ ਕਿ ਜਿਸ ਤਰੀਕੇ ਨਾਲ ਸੁਪਨ ਅਵਸਥਾ ਦੇ ਸਮਯ ਸੁਪਨੇ ਨੂੰ ਮਿਥਿਆ ਮਣਨ ਨੂੰ ਕੋਈ ਵੀ ਤਿਆਰ ਨਹੀਂ ਬਿਲਕੁਲ, ਇਨਬਿਨ, ਸਾਡੀ ਇਸ ਸੰਸਾਰੀ ਜਾਗ੍ਰਤਾ ਨੂੰ ਝੂਠਾ ਸਾਬਤ ਕਰਨ ਲਈ ਅਥਵਾ ਪ੍ਰਖਣ ਲਈ ਕਿਸੇ ਦੂਜੀ ਅਵਸਥਾ ਦੀ ਲੋੜ ਹੈ ਤੇ ਉਹ ਹੈ ਗੁਰਮਤਿ ॥

ਜਿਸ ਤਰੀਕੇ ਨਾਲ ਖੋਟੀ ਚਵੰਨੀ, ਅਠਾਨੀ, ਆਦਿ ਨੂੰ ਪ੍ਰਖਨ ਲਈ ਕਿਸੇ ਦੂਜੇ ਯੰਤਰ ਯਾ ਟੈਸਟਰ (Testing holder) ਦੀ ਲੋੜ ਹੈ, ਸੁਪਨ ਅਵਸਥਾ ਨੂੰ ਪ੍ਰਖਨ ਲਈ ਜਾਗ੍ਰਤ ਅਵਸਥਾ ਦੀ ਲੋੜ ਹੈ ਇਸ ਤਰੀਕੇ ਨਾਲ ਇਸ ਜਾਗ੍ਰਤ ਅਵਸਥਾ ਨੂੰ ਪ੍ਰਖਨ ਲਈ ਗੁਰਮਤਿ ਦੀ ਲੋੜ ਹੈ । ਬਿਨਾ ਗੁਰਮਤਿ ਗ੍ਰਿਹਨ ਕੀਤੇ ਸਚੀ ਜਾਗ੍ਰਤੀ ਆ ਨਹੀਂ ਸਕਦੀ । ਇਹ ਹੀ ਇਕ ਖਾਸ ਕਾਰਨ ਹੈ ਕਿ ਅਸੀ ਜਾਗਦੇ ਹੋਇ ਵੀ ਗੁਰੂ ਦੀ ਦ੍ਰਿਸ਼ਟੀ ਵਿਚ ਘੂਕ ਨਿੰਦ੍ਰਾ ਵਿਚ ਸੁਤੇ ਪਏ ਹਾਂ ।

ਭਲਾ ਉਂਘਲਾਂਦੇ ਹੋਇ ਨੂੰ ਤੇ ਕੋਈ ਜਗਾਇ, ਇਕਦੋ ਰਾਤਾਂ ਤੋਂ ਸੁਤੇ ਪਏ ਨੂੰ ਤੇਕੋਈ, ਜਗਾਇ। ਪਰ ਜੇਹੜਾ ਜਨਮ ਜਨਮਾਤਰਾਂ ਤੋਂ ਘੂਕ ਨਿੰਦ੍ਰਾ ਵਿਚ ਪਿਆ ਹੈ ਉਸ ਨੂੰ ਕੌਣ ਜਗਾਇ । ਆ ਦੇਖ ਤੂੰ ਕਦ ਦਾ ਇਸ ਦੀ ਮਾਇਆ ਦੀ ਚਦਰ ਨੂੰ ਤਾਨ ਕੇ ਸੁਤਾ ਪਿਆ ਹੈ । ਗੁਰ ਪ੍ਰਮਾਣ :—



www.AKJ.Org

੧. ਰੇ ਜਨ ਉਥਾਰੈ ਦਬਿਓਹ ਮਤਿਆ ਗਈ ਵਿਹਾਇ ॥
੨. ਕਈ ਜਨਮ ਭਏ ਕੀਟ ਪਤੰਗਾ ।
ਕਈ ਜਨਮ ਗਜ ਮੀਨ ਕੁਰੰਗਾ ।
ਕਈ ਜਨਮ ਪੰਖੀ ਸਰਪ ਹੋਇਓ ।
ਕਈ ਜਨਮ ਹੈਵਰ ਬ੍ਰਿਖ ਜੋਇਓ ।
ਮਿਲੁ ਜਗਦੀਸ ਮਿਲਨ ਕੀ ਬਰੀਆ ।
ਚਿਰੰਕਾਲ ਇਹ ਦੇਹ ਸੰਜਰੀਆ । ਰਹਾਉ ।
ਕਈ ਜਨਮ ਸੈਲਗਿਰਿ ਕਰਿਆ ।
ਕਈ ਜਨਮ ਗਰਭ ਹਿਰ ਖਰਿਆ ।
ਕਈ ਜਨਮ ਸਾਖ ਕਰਿ ਉਪਾਇਆ ।
ਲਖ ਚਉਰਾਸੀਹ ਜੋਨਿ ਭ੍ਰਮਾਇਆ ।

ਹਾਂ ਜੀ ਕੋਈ ਇਕ ਦੋ ਜਨਮਾਂ ਦੀ ਨਿੰਦ੍ਰਾ ਹੋਏ ਤਾਂ ਭਲਾ ਕੋਈ ਆਪਨੇ ਆਖ ਜਾਗਉੱਠੇ ਪਰ ਇਸ ਕੋਟਿ ਜਨਮ ਜਨਮਾਤਰਾਂ ਤੋਂ ਸੁਤੇ ਪਏ ਨੂੰ ਜਗਾਨਾ ਕਿਸੇ ਜਣੇ ਖਣੇ ਦਾ ਕੰਮ ਤਾਂ ਹੈ ਹੀ ਨਹੀਂ ਇਹ ਕੰਮ ਤਾਂ, ਪੂਰਨ ਗੁਰੂ, ਮਰਦ ਅਗੰਮੜੇ ਗੁਰੂ ਦਾ ਹੀ ਹੈ ਜੋ ਐਸਾ ਗੁਰਸ਼ਬਦ ਰੂਪੀ ਬਾਣ, ਪ੍ਰੇਮ ਬਾਣੀ ਦਾ ਅਣਿਆਲਾ ਤੀਰ ਖਿਚ ਕੇ ਮਾਰੇ ਜੋ ਸਾਡੇ ਨਾਭਿ ਦੇ ਉਧੇ ਹੋਇ, ਉਲਟੇ ਪੁਲਟੇ ਹੋਇ, ਕਮਲ ਨੂੰ ਸਿੱਧਾ ਕਰ ਦੇਵੇ ਤੇ ਸਾਨੂੰ ਸਚੀ ਗਾਗ੍ਰਤਾ ਆ ਜਾਇ । ਪੂਰਨ ਸਤਿਗੁਰੂ ਧਾਰਨ ਕੀਤੇ ਬਿਨਾ ਜਾਗ੍ਰਤ ਅਵਸਥਾ ਆ ਸਕਦੀ ਹੀ ਨਹੀਂ। ਪ੍ਰੋੜਤਾ ਲਈ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਇਕ ਸ਼ਬਦ ਥਲੇ ਲਿਖਿਆ ਜਾਂਦਾ ਹੈ ।

ਸੋ ਜਾਗੈ ਜਿਸ ਸਤਿਗੁਰੁ ਮਿਲੈ ।
ਪੰਚ ਦੂਤ ਉਹ ਵਸਗਤਿ ਕਰੈ ।੨।
ਸੋ ਜਾਗੈ ਜੋ ਤਤੁ ਬੀਚਾਰੈ ।
ਆਪਿ ਮਰੈ ਅਵਰਾ ਨਹ ਮਾਰੈ ।੩।
ਸੋ ਜਾਗੈ ਜੋ ਏਕੋ ਜਾਣੈ ।
ਪਰ ਕਿਰਤਿ ਛੋਡੈ ਤਤੁ ਪਛਾਣੈ ।
ਚਹੁ ਵਰਨਾ ਵਿਚ ਜਾਗੈ ਕੋਇ ।
ਜਾ ਕਾਲੈ ਤੇ ਛੂਟੈ ਸੋਇ ।
ਕਹੁ ਨਾਨਕ ਜਨ ਜਾਗੈ ਸੋਇ ।
ਗਿਆਨ ਅੰਜਨ ਜਾ ਕੀ ਨੇਤ੍ਰੀ ਹੋਇ ॥

ਹਾਂ ਜੀ ਸੋ ਜਾਗੈ ਜਿਸ ਸਤਿਗੁਰੁ ਮਿਲੈ ਅਥਵਾ ਸੋ ਜਾਗੈ ਜਿਸ ਪ੍ਰਭ ਕ੍ਰਿਪਾਲ ਜਾਗ੍ਰਤਾ ਅਵਸਥਾ ਮਿਲਨੀ ਹੈ ਸਚੇ ਗੁਰੂ ਪੂਰਨ ਗੁਰਦੇਵ ਤੋਂ ਐਸਾ ਗਿਆਨ ਅੰਜਨ ਨੇਤ੍ਰੀ ਸਤਿਗੁਰੂ ਨੇ ਪਾ ਦੇਣਾ ਹੈ ਕਿ ਫੇਰ ਆਲਸ ਨਿੰਦ੍ਰਾ ਦਾ ਨਾਮ ਨਿਸ਼ਾਨ ਨਹੀਂ ਰਹਿਣਾ ਤੇ ਇਸ ਸੰਸਾਰ ਦੀ ਅਸਲੀਅਤ ਦਾ ਪਤਾ ਲਗ ਜਾਣਾ ਹੈ ।

## ਗੁਰਮਤਿ ਜਾਗ੍ਰਿਤ ਲਈ ਜਾਗ ਦੀ ਲੋੜ

ਗਿਆਨ ਅੰਜਨ ਜਾਕੀ ਨੇਤ੍ਰੀ ਹੋਇ। ਗੁਰਮਤਿ ਜਾਗ੍ਰਤ ਅਵਸਥਾ ਲਈ ਗਿਆਨ ਅੰਜਨ ਦੀ ਲੋੜ ਹੈ । ਇਹ ਗਿਆਨ ਅੰਜਨ ਮਿਲਨਾ ਹੈ ਪੂਰਨ ਸਤਿਗੁਰੂ ਤੋਂ ਪਰ ਇਸ ਮਨਮੁਖ ਨੂੰ ਪ੍ਰਤੱਖ ਸਾਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕੋਲ ਹੋਂਦਿਆਂ ਵੀ ਸੂਝ ਨਹੀਂ ਪੈਂਦੀ ਤੇ ਇਹ ਮਨਮੁਖ ਇਸ ਨੂੰ ਇਕ ਕਿਤਾਬ ਹੀ ਸਮਝੀ ਬੈਠਾ ਹੈ, ਕਾਗਜ਼ਾਂ ਦਾ ਢੇਰ ਹੀ ਜਾਨ ਰਿਹਾ ਹੈ । ਦੇਖਾ ਦੇਖੀ ਭਾਵੇਂ ਮਥੇ ਟੇਕਦਾ ਹੈ ਪਰ ਅੰਦਰਿ ਪ੍ਰਤੀਤ ਤਾਂ ਹੈ ਹੀ ਨਹੀਂ । ਇਸ ਲਈ ਗੁਰੂ ਸਾਹਿਬਾਂ ਨੇ ਲਿਖਿਆ ਹੈ 'ਕਿ ਬਿਨੁ ਭਾਗਾ ਸਤਿਗੁਰੁ ਨਾਮਿਲੈ,' ਘਰਿ ਬੈਠਿਆ ਨਿਕਟ ਨਿਤ ਪਾਸਿ, । ਅਤੇ ਬਿਨ ਸਤਿਗੁਰ ਭੇਟੇ ਕੰਚਨ ਨ ਥੀਐ, ਮਨਮੁਖ ਲੋਹ ਬੂਡਾ ਬੇੜੀ ਪਾਸਿ । ਅਥਵਾ ਜੋ ਠਾਕੁਰ ਸਦ ਸਦਾ ਹਜੂਰੇ । ਤਾਕਉ ਅੰਧਾ ਜਾਨਤ ਦੂਰੇ ।

ਹਾਂ ਜੀ ਗਿਆਨ ਅੰਜਨ ਨੇਤ੍ਰੀ ਪਾਇਆ ਜਾਂਦਾ ਹੈ ਅੰਮ੍ਰਿਤ ਦੀ ਜਾਗ ਲਗਾਉਨ ਸਮਯ । ਅੰਮ੍ਰਿਤ ਪਾਨ ਕਰਨਾ ਸਚੀ ਜਾਗ, ਜਾਮਨ



www.AKJ.Org

ਅਥਵਾ ਖਟਾ ਹੈ । ਇਸ ਦੇਹੀ ਰੂਪੀ ਮਟਕੀ ਵਿਚ ਅੰਮ੍ਰਿਤ ਸਰਾ-ਸਰ, ਲਬੋ-ਲਬ, ਨਕੋ-ਨਕ ਭਰਿਆ ਪਿਆ ਹੈ । ਯਥਾ ਗੁਰਵਾਕ ਪੁਸਟੀ ਲਈ:—

੧. ਅੰਤਰਿ ਖੂਹਟਾ ਅੰਮ੍ਰਿਤ ਭਰਿਆ
ਸਬਦੇ ਕਾਢਿ ਪੀਐ ਪਨਿ ਹਾਰੀ

੨. ਜੇਤੇ ਘਟਿ ਅੰਮ੍ਰਿਤ ਸਭ ਹੀ ਮਹਿ
ਭਾਵੈ ਤਿਸਹਿ ਪੀਆਈ ।

ਤਾਂਤੇ ਇਹ ਅੰਮ੍ਰਿਤ ਸਚੇ ਗੁਰਦੇਵ ਤੋਂ ਅੰਮ੍ਰਿਤ ਦੀ ਜਾਗ ਲਗਵਾਏ ਬਿਨਾਂ ਪ੍ਰਗਟ ਨਹੀਂ ਹੋਣਾ ਕਦਾਪਿ ਨਹੀਂ । ਗੁਪਤ ਹੀਰਾ ਛੁਪਿਆ ਹੀ ਰਹਿਣਾ ਹੈ । ਅਲੋਪ ਹੀ ਰਹਿਣਾ ਹੈ । ਅੰਮ੍ਰਿਤ ਦੇ ਪੰਜ ਛਟੇ ਅਖਾਂ ਤੇ ਮਾਰਨ ਨਾਲ ਗਿਆਨ ਅੰਜਨ ਨੇਤ੍ਰੀ ਪਾਇਆ ਜਾਂਦਾ ਹੈ ਜਿਸ ਦੀ ਸੰਭਾਲ ਫੇਰ ਕਮਾਈ ਕਰਨ ਤੇ ਜਰਨ ਸੀਲਤਾ ਨਾਲ ਹੋ ਸਕਦੀ ਹੈ । ਅੰਮ੍ਰਿਤ ਦੀ ਸਚੀ ਜਾਗ ਲਗ ਜਾਨ ਤੇ ਗੁਰਮਤਿ ਜਾਗ੍ਰਤ ਅਵਸਥਾ ਸਹਿਜੇ ਹੀ ਪ੍ਰਾਪਤ ਹੋ ਜਾਂਦੀ ਹੈ ਅਤੇ ਫੇਰ ਸੰਸਾਰ ਦੀ ਅਸਲੀਅਤ ਦਾ ਪਤਾ ਲਗ ਜਾਂਦੀ ਹੈ ਇਸ ਮਾਇਆ ਦੇ ਧੰਧ ਬੰਧ ਵਿਚ ਸੁਤਾ ਪ੍ਰਾਣੀ ਜਾਗ ਉਠਦਾ ਹੈ । ਇਸ ਜਾਗ੍ਰਤ ਅਵਸਥਾ ਦੇ ਪ੍ਰਾਪਤ ਹੋਣ ਤੇ ਸਭ ਇੰਦ੍ਰਯ ਜਿਤ ਥਾਈ 'ਗੁਰਿ ਦਿਖਲਾਈ ਮੋਰੀ ਜਿਤੁ ਮਿਰਗ ਪੜਤ ਹੈ ਚੋਰੀ' ਕਾਮ ਕਰੋਧ ਲੋਭ...ਤ੍ਰਿਸਨ ਚੁਗਲੀ ਨਿੰਦਾ ਬਖੀਲੀ...ਆਦਿ ਪ੍ਰਵੇਸ਼ ਕਰਦੇ ਹਨ ਉਹਨਾਂ ਨੂੰ ਸਹਿਜੇ ਹੀ ਕਾਬੂ ਵਿਚ ਕਰ ਲੈਂਦਾ ਹੈ ਅਤੇ ਬਹੁ ਮੁਖੀ ਧਾਵਨ ਤੋਂ ਵਰਜ ਕੇ ਅੰਤਹ ਮੁਖੀ ਬਣਾ ਲੈਂਦਾ ਹੈ । ਜਦ ਅੰਤਹ ਮੁਖੀ ਹੋਕੇ ਨਾਮ ਵਿਚ ਜੁਟਦਾ ਹੈ ਤਾਂ ਫੇਰ 'ਅਨਹਦ ਸ਼ਬਦੁ ਦਸਮ ਦੁਆਰਿ ਬਜਿਓ ਤਹ ਅੰਮ੍ਰਿਤ ਨਾਮ ਚੁਆਇ ਥਾ' ਅਵਸਥਾ ਦਾ ਸੁਭਾਗ ਪ੍ਰਾਪਤ ਕਰਨ ਦਾ ਅਧਿਕਾਰੀ ਬਨ ਜਾਂਦਾ ਹੈ ਕਯੋਂਕਿ ਮੂੰਦਿ ਲੀਏ ਦਰਵਾਜੇ ਬਾਜੀ ਅਲੇ ਅਨਹਦ ਬਾਜੇ ।

ਇਹ ਹੈ ਗੁਰਮਤਿ ਜਾਗ੍ਰਤਾ ਪ੍ਰਾਪਤ ਕਰਨਾ ਦਾ ਸਿਧਾ ਤੇ ਆਸਾਨ ਰਸਤਾ ।

—

(ਚਲਦਾ)





## ਸਾਨੂੰ ਦਰਸ਼ਨ ਦਿਉ !

ਹਰ ਤਰ੍ਹਾਂ ਦੇ ਸਿਮਰਨੇ ਅਤੇ ਮਾਲਾ: ਸਟੀਲ ਤੇ ਲੋਹੇ ਦੇ, ਚਕਰੀਆਂ ਵਡੀਆਂ ਛੋਟੀਆਂ, ਸਟੋਰਾਂ, ਜੋੜਿਆਂ ਅਤੇ ਸਾਈਕਲਾਂ ਆਦਿ ਲਈ ਅਲਮੋਨੀਅਮ ਦੇ ਟਿਕਟ ਵਖ ਵਖ ਸਾਈਜ਼ਾਂ ਵਿਚ ਆਰਡਰ ਦੇ ਕੇ ਬਣਵਾਉ ।

## ਖਾਲਸਾ ਨਿਸ਼ਾਨ ਮੇਕਰਜ਼

(ਪ੍ਰੋਪਰਾਈਟਰ ਕਿਰਪਾਲ ਸਿੰਘ)

੯੦ ਲਾਲ ਕਵਾਟਰ, ਅਜ਼ਾਦ ਨਗਰ ਮਾਰਕੀਟ,
ਲੁਧਿਆਣਾ—੩

ਨੋਟ—ਆਪ ਜੀ ਹੇਠ ਲਿਖੇ ਐਡਰੈਸਾਂ ਤੇ ਇਸ ਸਬੰਧੀ ਮਿਲ ਸਕਦੇ ਹੋ ।

੧. ਸੂਰਾ ਪੁਸਤਕ ਭੰਡਾਰ, ਰਾਘੋਮਾਜਰਾ, ਪਟਿਆਲਾ-੩
੨. ਖਾਲਸਾ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ ।
੩. ਖਾਲਸਾ ਨਿਸ਼ਾਨ ਸਟੋਰ, ਮਾਈਸੇਵਾਂ, ਅੰਮ੍ਰਿਤਸਰ ।




www.AKJ.Org

# ਸੀਗਾਰ, ਸੁਆਦ ਤੇ ਵਾਸ਼ਨਾਂ

(ਭਾਈ ਸਤਿਨਾਮ ਸਿੰਘ ਜੀ ਲੁਦਿਆਣਾ)

[ ਲੜੀ ਜੋੜਨ ਲਈ ਪਿਛਲਾ ਪਰਚਾ ਵੇਖੋ ]

ਗੁਰਬਾਣੀ ਉਹਨਾਂ ਤੋਂ ਬਲਿਹਾਰੇ ਜਾਂਦੀ ਏ ਜਿਨ੍ਹਾਂ ਨੂੰ ਹਰੀ ਦੇ ਸਿਮਰਨ ਤੇ ਹਰੀ ਦੇ ਸਤਿਸੰਗਤ ਤੋਂ ਸੁਆਦ ਆਉਂਦਾ ਏ, ਜੋ ਦਿਨ ਰਾਤ ਨਾਮ ਜੱਪ ਜੱਪ ਗੁਰਮਤਿ-ਅਧਿਐਨ 'ਚ ਮਖਮੂਰ ਰਹਿੰਦੇ ਨੇ।

'ਜਿਨਾ ਹਰਿ ਕਾ ਸਾਦੁ ਆਇਆ ਹਉ ਤਿਨ ਬਲਿਹਾਰੈ ਜਾਸੁ।'

ਸੁਆਦ ਦਾ ਝੱਸ ਵੀ ਉਦੋਂ ਹੀ ਸਾਡੀ ਸਰੀਰਕ ਸਥਿਰਤਾ 'ਚ ਤਰਥੱਲੀ ਮਚਾਉਂਦਾ ਏ ਜਦ ਸਾਡਾ ਮਾਨਸਿਕ ਵਿਲਖਣ ਕਾਮਵਾਦੀ ਰੁਚੀਆਂ ਤੇ ਮੁਨੱਸਰ ਹੋਇਆ ਇਕ ਅਜਿਹੇ ਪਧਰ ਤੇ ਜਾ ਪਹੁੰਚਿਆ ਹੋਵੇ ਜੋ ਸਦੀਵ ਆਪਣੇ ਚੁਫੇਰ ਵਾਸ਼ਨਾ ਦੀ ਅੱਗ ਬਾਲੀ ਰਖੇ। 'ਪੀਰ ਮੁਰੀਦਾਂ ਪਿਰਹੜੀ' ਤਾਹੀਓਂ ਨਿਭਦੀ ਏ ਜਦਕਿ ਦੁਨਿਆਵੀ ਤੇ ਅਸਥਾਈ ਕੂੜਾਵੀਆਂ ਪ੍ਰੀਤਾਂ ਨੂੰ ਸਦੀਵ ਤੌਰ ਤੇ ਤਿਲਾਂਜਲੀ ਦੇਣੀ ਪਵੇ ਤੇ ਅਸਥਾਈ ਪ੍ਰੀਤਾਂ ਨੂੰ ਤਿਲਾਂਜਲੀ ਤਾਹੀਓਂ ਦਿਤੀ ਜਾ ਸਕਦੀ ਏ ਜਦਕਿ ਉਸ ਅਕਾਲ ਦੇ ਨੇਹੁ'ਚ ਰੰਗੀਚ ਕਾਮਵਾਦੀ ਰੁਚੀਆਂ ਤੋਂ ਨਿਖੜਿਆ ਜਾਵੇ ਤੇ ਇਸ ਤੋਂ ਵੱਧ ਗੁਰਮਤਿ ਬਿਬੇਕ ਗ੍ਰਹਿਣ ਕਰ ਜ਼ਿੰਦਗੀ ਨੂੰ ਇਕ ਅਜੇਹਾ ਸਿਰੜ ਵਰਦਾਨ ਕੀਤਾ ਜਾਵੇ ਜੋ ਅਜਿਹੇ ਵਾਹੁ-ਵਾਹੁ ਦੇ ਅਭਿਆਸ 'ਚ ਗਲਤਾਣ ਹੋਇਆ ਹੋਵੇ ਜੋ ਕੂੜਾਵੇ ਸੁਆਦ ਤਿਆਗ ਨਾਮ ਦਾ ਹੀ ਸਦੀਵ ਰਸ ਚੱਖੇ ਜਿਸ ਤੋਂ ਅਸਲੀ ਤੇ ਸਥਾਈ ਤ੍ਰਿਪਤੀ ਪ੍ਰਾਪਤ ਹੋ ਸਕਦੀ ਹੋਵੇ :

ਅੰਮ੍ਰਿਤ ਨਾਮ ਪੀਵਹੁ ਮੇਰੇ ਭਾਈ
'ਸਿਮਰਿ ਸਿਮਰਿ ਸਭ ਤਪਤ ਬੁਝਾਈ।'

ਵਾਸ਼ਨਾ ਜਦੋਂ ਕਬੁਧ ਨਰ ਤੇ ਆਪਣਾ ਜਾਲ ਪਸਾਰਦੀ ਏ ਤਾਂ ਮਾਨਵ ਇਕ ਅਜਿਹੇ ਅੰਤਰੀਵ ਮੋੜ ਤੇ ਅਪੜ ਜਾਂਦਾ ਏ ਜੋ ਉਹ 'ਕਪਟੀ ਨਰ ਨਿਤ ਕਪਟ ਕਮਾਤਿ' ਦੇ ਗੁਰਵਾਕ ਅਨੁਕੂਲ ਆਪਣੇ ਆਪ ਨੂੰ ਇਹਨਾਂ ਮਨਮੁਖੀ ਸੁਆਦ-ਗ੍ਰਸਤ ਗੰਧਲੇ ਕਾਰਿਆਂ ਤੋਂ ਛੁਡਵਾ ਨਹੀਂ ਸਕਦਾ ਤੇ ਫਲਸਰੂਪ ਉਸ 'ਚ ਇਕ ਹੋਰ ਅਉਗਣ ਸਮਾਉਂਦਾ ਏ ਉਹ ਏ 'ਤ੍ਰਿਸਨਾ ਤੇ ਮੋਹ ਦਾ ਨਿਤ-ਫਾਸ'। ਸੁਆਦ ਸਰੀਰਕ ਸਥਿਰਤਾ ਨੂੰ ਖਤਮ ਕਰਦਾ ਏ ਤੇ ਸਰੀਰਕ ਅਸਥਿਰਤਾ, ਮਾਨਸਿਕ ਮਨਮਤੀ ਉਲਝਣਾਂ 'ਚ, ਵਾਸ਼ਨਾ-ਭਰੀ ਨਿਤ ਸਮੀਂਦੀ ਜਾਂਦੀ ਏ ਤੇ ਅਜਿਹੇ ਨਰਾਂ ਦੀਆਂ



www.AKJ.Org

ਮਾਨਸਿਕ ਉਲਝਣਾਂ ਅਕਸਰ ਵਾਸ਼ਨਾ ਤੇ ਕਾਮ-ਵਾਦੀ ਰੁਚੀਆਂ ਦੀਆਂ ਸ਼ਿਕਾਰ ਰਹਿੰਦੀਆਂ ਨੇ। ਬੇਸ਼ਕ ਉਹ ਆਪਣੀ ਉਮਰ ਦੇ ਅੰਤਲੇ ਮੋੜ ਤਕ 'ਭਰਮ-ਭੇਖ ਚਤੁਰਾਈ ਅੰਧੁਲੇ' ਬਣੇ ਰਹਿਣ, ਮਗਰ, ਭਾਈ ਸਾਹਿਬ ਦੇ ਲਫਜ਼ਾਂ ਅਨੁਕੂਲ ਉਨ੍ਹਾਂ ਨੂੰ ਜਮਰਾਜੇ ਪਾਸ ਜਰੂਰ ਲੇਖਾ ਦੇਣਾ ਪਵੇਗਾ। ਤੇ ਉਹਨਾਂ ਦੇ ਪਾਪ ਉਹਨਾਂ ਸਾਹਵੇਂ ਉਘੜਨ ਗੇ। ਧਰਮ ਦੀ ਆਦਿ ਤੋਂ ਅੰਤ ਤਕ ਵਿਜੈ ਰਹੇਗੀ ਸੋਸਾਇਟੀ ਜਾਂ ਭਰਮ ਭੁਲੀ ਲੋਕਾਈ ਸਦਾ ਦੀ ਤਰ੍ਹਾਂ ਹੁਣ ਵੀ ਸਮੇਂ ਦੇ ਵੇਗ'ਚ ਖਪਤ ਹੋ ਜਾਵੇਗੀ ਤੇ ਅਕਸਰ ਇਹ ਚਕਰ ਦੁਨੀਆਂ 'ਚ ਚਲਦਾ ਹੀ ਆਇਆ ਏ।

ਸੋ ਸਪਸ਼ਟ ਹੋਇਆ ਜੋ ਸੁਆਦ-ਵਾਸ਼ਨਾ ਤੇ ਸੀਗਾਰ ਦਾ ਸਿਧਾਂਤਕ ਫ਼ਲਸਫ਼ਾ ਇਕੋ ਹੀ ਏ ਅਰਥਾਤ ਸਰੀਰਕ ਤੇ ਮਾਨਸਿਕ ਤਰਥਲੀਆਂ ਭਰੀ ਅਸਥਿਰਤਾ ਜੋ ਅਕਸਰ ਕਾਮਵਾਦੀ ਰੁਚੀਆਂ ਤੋਂ ਨਿਖਰਦੀ ਏ। ਜੇ ਹੋਰ ਵਿਲਸ਼ੇਸ਼ਿਆ ਜਾਵੇ ਤਾਂ ਪਰਤੀਤ ਹੋਵੇਗਾ ਜੋ ਸੁਆਦ ਕਾਮ ਦਾ ਅੰਤ੍ਰੀਵ ਰੂਪ ਏ। ਤੇ ਸੀਗਾਰ ਬਾਹਰਲਾ। ਅਰਥਾਤ ਜਦ ਮਾਨਸਿਕ ਤਾਣੀਆਂ 'ਚ ਕਾਮ ਪਲਸੇਟੇ ਮਾਰਦਾ ਏ ਤਾਂ ਹਿਰਦੇ 'ਚ ਨਵੀਨ ਸੁਆਦਾਂ ਦੀ ਖ਼ਾਹਸ਼ ਜਿਹੀ ਬਣੀ ਰਹਿੰਦੀ ਏ। ਤੇ ਇਉਂ ਉਹ ਦੂਜੀ ਧਿਰ ਦੇ ਲਈ ਉਹਦੀ ਅਚੇਤ ਅਵਸਥਾ (Sub-Conicous ness) ਨੂੰ ਪ੍ਰਭਾਵਿਤ ਕਰਨ ਲਈ ਤੇ ਉਹਦੀਆਂ ਕਾਮ-ਰੁਚੀਆਂ ਨਖੇੜਨ ਲਈ ਨਿਤ ਨਵੇਂ ਸੀਗਾਰ ਦੀ ਬੁਨਿਆਦ ਢੜਕਦਾ ਏ। ਇਹ ਵਿਲਸ਼ੇਸ਼ਣ ਅਕਸਰ ਅਜੇਹੇ ਨਰਾਂ ਦੀ ਅਚੇਤ ਅਵਸਥਾ 'ਚ ਹੁੰਦਾ ਏ ਤੇ ਉਹਨਾਂ ਨੂੰ ਇਸ ਬਾਰੇ ਕੋਈ ਸੋਝੀ ਨਹੀਂ ਹੁੰਦੀ। ਗੁਰਮਤ ਮਾਰਗ ਇਸੇ ਲਈ ਭੜਕੀਲੇ ਸੀਗਾਰਾਂ ਤੇ ਵਖੋ ਵਖਰੇ ਸੁਆਦਾਂ ਤੇ ਵਾਸ਼ਨਾ-ਗ੍ਰਸੇ ਸੀਗਾਰਾਂ ਨੂੰ ਨੀਵਿਆਂ ਪ੍ਰਗਟਾਅ "ਏਕ ਸੁਆਦ ਤੇ ਏਕ ਸੀਗਾਰ ਦੀ ਪ੍ਰੇਰਨਾ ਦਿੰਦਾ ਏ।" ਮੋਤੀ, ਗਹਣੇ ਫੁੱਲ ਤੇ ਹੋਰ ਅਨੇਕਾਂ ਪ੍ਰਕਾਰ ਦੇ ਸ਼ਿੰਗਾਰ ਦੇ ਸਾਧਨ ਜਿਨਾਂ ਤੇ ਲਗ ਭਗ ਕਰੋੜਾਂ ਰੁਪਏ ਦੀ ਮਾਇਆ ਖਰਚ ਹੋ ਰਹੀ ਏ, ਇਸ ਨਾਲ ਨਾਮ ਨੇ ਆਪਣੇ ਆਪ 'ਚ ਲਕੋਏ ਹੋਏ ਨੇ। ਇਹ ਜਪਦਿਆਂ ਹੀ ਛਤੀਹ ਪ੍ਰਕਾਰ ਦੇ ਭੋਜਨਾਂ ਦਾ ਸੁਆਦ ਪ੍ਰਾਪਤ ਹੁੰਦਾ ਏ! ਯਥਾ ਗੁਰਵਾਕ:—

"ਹਰਿਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ
ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ॥
ਹਰਿਨਾਮੁ ਹਮਾਰਾ ਪੈਨਣੁ ਜਿਤੁ ਫਿਰਿ ਨੰਗੇ ਨ ਹੋਵਹ
ਹੋਰ ਪੈਨਣ ਕੀ ਹਮਾਰੀ ਸਰਧ ਗਈ।"

"ਹਰਿ ਹਰਿ ਹਾਰੁ ਕੰਠਿ ਲੇ ਪਹਿਰੇ ਦਾਮੋਦਰੁ ਦੰਤੁ ਲਈ।
ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ।

ਇਹ ਗਲ ਸਾਨੂੰ ਯਕੀਨਨ ਮੰਨਣੀ ਪਵੇਗੀ ਜੁ ਇਤਿਹਾਸਕ ਜਾਂ ਗੁਰਮਤ ਵਿਲਸ਼ੇਸ਼ਨ ਇਹ ਕਦੀ ਨਹੀਂ ਦੁਰਹਾਵੇਗਾ ਜੋ ਗੁਰਮਤ ਵਾਦ ਸੀਗਾਰ ਤੇ ਸੁਆਦ ਨੂੰ ਕੋਈ ਪਹਿਲ ਦਿੰਦਾ ਰਿਹਾ ਏ। ਨਹੀਂ, ਗੁਰੂ ਦਸਮੇਸ਼ ਦਾ ਖੰਡੇ ਦਾ ਅੰਮ੍ਰਿਤ ਮਨੁਖ ਦੀ ਜਾਗਦੀ ਸਪਿਰਟ ਜੋ ਮਰਦਾਂ ਤੇ ਬੀਬੀਆਂ ਦੋਹਾਂ 'ਚ ਭਰੀ ਗਈ, ਸਦੀਵ ਬੀਰ-ਰਸ ਦਾ ਖਿਲੇਰਨ ਖਿਲੇਰਦੀ ਰਹੀ। ਪੁਰਾਤਨ ਬੀਬੀਆਂ ਦੇ ਸ਼ਹੀਦੀ ਸਾਕੇ ਕੋਈ ਸੁਆਦਾਂ ਜਾਂ ਸੀਗਾਰਾਂ 'ਚ ਨਹੀਂ ਵਾਪਰੇ। ਸਾਦਗੀ ਤੇ ਬੀਰ ਰਸ ਉਹਨਾਂ ਪਾਸ ਅਮੋਲ ਖਜ਼ਾਨਾ ਸੀ ਜ਼ਿੰਦਗੀ ਦਾ ਜੋ ਗੁਰਮਤ ਨੇ ਉਹਨਾਂ ਨੂੰ ਬਖਸ਼ਿਆ। ਤੇ ਉਹ ਸਾਬਤ ਸੂਰਤ ਦਸਮੇਸ਼ ਦਾ ਅਕਾਲੀ ਬਾਣਾ ਪਹਿਣ ਜੰਗ 'ਚ



www.AKJ.Org

ਸਿੰਘਾਂ ਨਾਲ ਜੂਝਿਆ ਤੇ ਸ਼ਹੀਦੀ ਪ੍ਰਾਪਤ ਕੀਤੀ। ਗੁਰਮਤ ਸ਼ਾਇਦ ਸਿਰੜ ਤੇ ਆਧਾਰਤ ਰਹੀ ਏ ਤੇ ਸੁਆਦਾਂ ਜਾਂ ਸ਼ੀਗਾਰਾਂ ਤੇ ਨਹੀਂ।

ਗੁਰਮਤ ਨਿਖੇੜਦੀ ਏ ਜੋ ਸਚੀ ਪਿਰਹੜੀ ਸਚੇ ਦੇ ਸੀਗਾਰ ਨਾਲ ਹੀ ਸੋਹੇਗੀ। ਦੁਨਿਆਵੀ ਤੇ ਅਸਥਾਈ ਪ੍ਰੀਤਾਂ ਨਿਕੰਮੀਆਂ ਤੇ ਅਯੋਗ ਸਾਬਤ ਹੋਣਗੀਆਂ। ਤੇ ਇਸੇ ਲਈ ਗੁਰਮਤ ਸਚੀਆਂ ਪ੍ਰੀਤਾਂ ਤੇ ਸਚੇ ਸ਼ੀਗਾਰ ਜਿਨਾਂ ਦਾ ਕੇਵਲ ਆਤਮਾਂ ਨਾਲ ਸਬੰਧ ਹੋਵੇ, ਵਿਲਸ਼ੇਸ਼ ਦੀ ਏ। ਤੇ ਇਸ ਸਭ ਦਾ ਫਲ ਸਰੂਪ ਗੁਰਮੁਖ ਦੀ ਅਚੇਤ ਤੇ ਚੇਤਨ ਸ਼ਕਤੀ ਉਸ ਸੀਗਾਰ ਵਸ ਹੈ ਇਕ ਅਜੇਹਾ ਸਾਦਗੀ ਦਾ ਧੁਰਾ ਪਕੜਦੀਆਂ ਨੇ ਜੁ ਦੁਨਿਆਵੀ ਸੁਆਦ ਤੇ ਸੀਗਾਰ ਉਹਨਾਂ ਤਕ ਨਹੀਂ ਅਪੜਦੇ। ਤੇ ਉਹਨਾਂ ਦਾ ਆਪਾ ਵਾਸ਼ਨਾ 'ਚ ਗਲੇਫਿਆ ਨਹੀਂ ਰਹਿੰਦਾ।

ਇਹ ਅਕਸਰ ਇਕ ਸਮਸਿਆ ਬਣ ਚੁਕੀ ਏ ਜੋ ਗੁਰਮਤ ਵਾਦ ਦੇ ਘਣੇ ਪਸਾਰੇ 'ਚ ਸਾਦਗੀ ਨੂੰ ਮੁੜ ਕਿਵੇਂ ਉਜਾਗਰ ਕੀਤਾ ਜਾਵੇ ਤੇ ਗੁਰਮਤ ਵਾਦ ਦੇ ਉਚੇ ਤੇ ਸੁਚੇ ਅਸੂਲ "ਮਨ ਨੀਵਾਂ ਮਤਿ ਉਚੀ" ਨੂੰ ਕਿਵੇਂ ਤਰਜੀਹ ਦਿਤੀ ਜਾਵੇ। ਜੇ ਗੁਰਮਤ ਵਾਦ ਦੇ ਜੱਗ ਰਹੇ ਰੋਸ਼ਨ ਮੁਨਾਰਿਆਂ ਨੇ ਇਸ ਪਾਸੇ ਧਿਆਨ ਨਾ ਦਿਤਾ ਤਾਂ ਯੀਕਨਨ ਮਾਨਸਿਕ ਗਹਿਰਾਈਆਂ ਭੰਭਲ ਭੂਸਿਆਂ ਦਾ ਸ਼ਿਕਾਰ ਹੋ ਜਾਣਗੀਆਂ। ਗੁਰਮਤ ਨਿਰਾਲੀ ਹੋਣ ਦੀ ਬਜਾਇ ਮੂਰਖ ਲੋਕਾਈ ਦਾ ਇਕ ਰੂਪ ਬਣ ਜਾਇਗੀ।

ਸੀਗਾਰ ਦਾ ਬੇ ਪਛਾਣਿਆ ਅਹਿਸਾਸ ਅਕਸਰ ਸਿਖ ਬੀਬੀਆਂ 'ਚ ਆਮ ਪ੍ਰਚਲਤ ਏ। ਉਨ੍ਹਾਂ ਦੀ ਅਚੇਤ ਅਵਸਥਾ, ਸਮੇਂ ਦੀ ਬਦਲਦੀਆਂ ਤਰਥਲੀਆਂ ਦੇ ਅਨਕੂਲ ਬਹੁਤ ਅਜਬ ਤੇ ਭਿਆਨਕ ਵਹਿਣਾ 'ਚ ਵਹਿ ਰਹੀ ਏ। ਕੇਸਾਂ ਦਾ ਅਦਬ ਸ਼ਾਇਦ ਉਹਨਾਂ ਨੂੰ ਚਿਤ ਚੇਤੇ ਵੀ ਨਹੀਂ ਰਿਹਾ। ਸਰੀਰਕ ਖਿਚ ਇਥੋਂ ਤਕ ਵਧ ਚੁਕੀ ਏ ਜੋ ਉਹਨਾਂ ਦੀ ਸਦੀਵ ਇਹੋ ਖ਼ਾਹਸ਼ ਰਹਿੰਦੀ ਏ ਜੋ ਉਹ ਖਿਡੌਣਾ ਲਗਣ। ਉਹਨਾਂ ਨੂੰ ਆਪਣਾ ਆਪ ਪਛਾਣਨ ਦੀ ਸੋਝੀ ਬੜੇ ਤੇਜ਼ ਕਦਮੀ ਉਹਨਾਂ ਤੋਂ ਉਹਲੇ ਹੋ ਰਹੀ ਏ। ਸਿਖ ਤੇ ਹੋਰ ਧਰਮ ਦੀ ਬੀਬੀ 'ਚ ਫ਼ਰਕ ਪਹਿਚਾਨਣਾ ਮੁਸ਼ਕਲ ਜਿਹਾ ਹੋ ਗਿਆ ਏ। ਗੁਰ ਸਾਹਿਬਾਂ ਦਾ ਗੁਰਵਾਕ "ਜਬ ਲਗ ਰਹੇ ਖਾਲਸਾ ਨਿਆਰਾ" ਅਲੋਪ ਹੁੰਦਾ ਜਾ ਰਿਹਾ ਏ ਇਹ ਗਲ ਸਾਡਾ ਧਿਆਨ ਜ਼ਰੂਰ ਖਿਚੇਗੀ ਜੋ ਗੁਰਮਤ ਦਾ ਪਸਾਰਾ ਕੇਵਲ ਸਿੰਘਾਂ ਤਕ ਹੀ ਨਹੀਂ ਬਲਕਿ ਬੀਬੀਆਂ ਨੂੰ ਵੀ "ਰਹਿਤ ਪਿਆਰੀ ਮੋਹਿ ਕੋ" ਦਾ ਮੰਤ੍ਰ ਦ੍ਰਿੜਾਇਆ ਗਿਆ ਏ। ਤੇ ਬੀਬੀਆਂ ਦਾ ਅਜੇਹਾ ਬੇ ਪਛਾਣਿਆ ਅਹਿਸਾਸ ਗੁਰਮਤ ਵਾਦ ਨੂੰ ਯਕੀਨਨ ਅਜੇਹੀ ਢਾਹ ਲਾ ਰਿਹਾ ਏ ਤੇ ਲਾਵੇਗਾ ਜੁ ਸ਼ਾਇਦ ਵਾਹਿਗੁਰੂ ਬਖਸ਼ੇ......।" ਕੇਸਾਂ ਦਾ ਅਦਬ ਤਾਹੀਉਂ ਰਹਿ ਸਕਦਾ ਏ ਜ਼ੁ ਬਜਾਏ ਕਿ ਕੇਸਾਂ ਨੂੰ ਪੂਰੀ ਰਖਿਆ ਦਿਤੀ ਜਾਏ ਤੇ ਇਸ ਲਈ ਕੇਸਕੀ (ਦਸਤਾਰ) ਦਾ ਪ੍ਰਯੋਗ ਕੀਤਾ ਜਾਵੇ। ਹਰੇਕ ਬੀਬੀ ਦੇ ਦਸਮ ਦੁਆਰ ਤੇ ਕੇਸਾਂ ਦਾ ਜੂੜਾ ਕੀਤਾ ਹੋਵੇ। ਫ਼ੈਸ਼ਨ ਗਲਤ ਹੋ ਸਕਦੇ ਨੇ ਮਗਰ ਫ਼ਿਲਾਸਫੀ ਨਹੀਂ ਤੇ ਫਿਲਾਸਫੀ ਬੜਿਆਂ ਬੜਿਆਂ ਦੀ ਇਹ ਸਿਧ ਕਰ ਚੁਕੀ ਏ ਜੋ ਜੇਕਰ ਬੀਬੀਆਂ ਨੇ ਕੇਸਾਂ ਦੇ ਅਦਬ ਨੂੰ ਨਾ ਪਛਾਣਿਆ ਤੇ ਰੋਮਾਂ ਦੀ ਬੇਅਦਬੀ ਜਾਰੀ



www.AKJ.Org

ਰਹੀ ਤਾ ਗੁਰਮਤਵਾਦ ਲਈ ਇਹ ਸਭਕੁਛ ਅਸਿਹ ਹੋਵੇਗਾ। ਕੇਸਾਂ ਦੇ ਅਦਬ ਤੋਂ ਛੁਟ ਜੋ ਹੋਰ ਗਲ ਧਿਆਨ ਗੋਚਰੇ ਏ, ਇਹ ਜੁ ਕੁਦਰਤੀ ਰੂਪ ਨੂੰ ਗਲਤ ਤੇ ਮਨਘੜਤ ਸੀਗਾਰ ਦੀਆਂ ਕਲਪਨਾਵਾਂ ਨਾਲ ਨਾ ਛੇਹਿਆ ਜਾਏ । ਕੇਸਕੀ ਵਾਲੀਆਂ ਬੀਬੀਆਂ ਆਮ ਦੇਖਣ 'ਚ ਆਉਂਦੀਆਂ ਨੇ ਜੋ ਕੇਸਕੀ ਦੀ ਗਲਤ ਤੇ ਫ਼ੈਸ਼ਨੇਬਲ ਵਰਤੋਂ ਹਥਾਂ ਦੇ ਨਹੁੰ ਵਧਾਏ ਹੋਏ, ਭੜਕੀਲੇ ਤੇ ਤੰਗ ਕਪੜਿਆਂ ਦੀ ਵਰਤੋਂ । ਸੋ ਹਾਰਦਿਕ ਵਰਨਣ ਇਹੋ ਹੀ ਏ ਜੁ ਸਾਨੂੰ ਜ਼ਿੰਦਗੀ ਦੇ ਦੁਨਿਆਵੀ ਵਿਚਰਣ ਵਿਚ ਗੁਰਮਤ ਦਸਿਆ ਸੀਗਾਰ ਹੀ ਅਪਨਾਨਾ ਚਾਹੀਦਾ ਏ ਤੇ ਇਉਂ ਸਾਡਾ ਮਾਨਸਿਕ ਵਿਲਸ਼ੇਸ਼ਣ ਗੁਣਾਂ ਦੀ ਗੰਢ ਬਣੇਗਾ।

ਸੁਆਦ ਆਪਣਾ ਅਹਿਸਾਸ ਅਕਸਰ ਹਰ ਪ੍ਰਾਣੀ 'ਚ ਸਮਾਉਂਦਾ ਏ। ਸੁਆਦ ਜ਼ਿੰਮੇਵਾਰ ਏ "ਸੁਆਦ ਜੀਅ ਸੰਘਾਰੇ" ਤੇ ਇਹ ਵਾਸ਼ਨਾ ਗਲੇ-ਫਿਆ ਝੂਠੇ ਮਦ ਤਕ ਆ ਅਪੜਦਾ ਏ। ਹਰ ਪ੍ਰਾਣੀ ਉਦੋਂ ਤਕ ਇਹਨਾਂ ਕੂੜਾਵੇ ਸੁਆਦਾਂ ਨੂੰ ਤਿਲਾਂਜਲੀ ਨਹੀਂ ਦੇ ਸਕਦਾ ਜਦ ਤਕ ਉਹਨੇ ਨਾਮ ਦਾ ਰਸ ਹੀ ਇਕ ਅਜੇਹੀ ਚੀਜ ਏ ਜੋ ਉਸਦੇ ਰੋਮ ਰੋਮ 'ਚ ਜੀਅ ਦਇਆ ਦਾ ਅਸੂਲ ਦ੍ਰਿੜਾ-ਏਗਾ। ਨਾਮ ਦਾ ਰਸ ਹੀ ਇਕ ਅਜੇਹੀ ਚੀਜ਼ ਏ ਜੋ ਹਰ ਪ੍ਰਾਣੀ 'ਚ ਜੋ "ਘਾਲ ਖਾਇ" ਦਾ ਨੇਮ ਮਾਨਵ ਦੇ ਹਿਰਦੇ 'ਚ ਰੋਮਾਏਗਾ। ਸੁਆਦ ਮਨੁਖ ਦੀ ਆਤਮਾ ਨੂੰ ਕੁਕਰਮ ਤੇ ਵਿਕਾਰਾਂ ਵਲ ਘਸੀ-ਟਦਾ ਏ । ਮਾਸ ਜਾਂ ਮਦ ਪੀ ਪ੍ਰਾਣੀ ਅਜੇਹੇ ਮਾਨਸਿਕ ਤਰਥਲੀਆਂ ਤੇ ਦੀਮਾਗੀ ਅਸਥਿਰ ਹਾਲਤਾਂ ਤੇ ਅਪੜਦਾ ਏ ਜੋ ਬਜਾਏ ਕਿ ਉਹ ਕੋਈ ਅਗਾਹਾਂ ਵਧੁ ਪਖ ਲਵੇ, ਉਹ ਕਾਮਵਾਦੀ ਰੁਚੀਆਂ ਵਲ ਧਕੇਲਿਆ ਜਾਂਦਾ ਏ ।

ਸੁਆਦ ਜਿਹੇ ਘ੍ਰਿਣਤ ਪਸਾਰੇ ਤੋਂ ਬਚਣ ਦਾ ਮਹਾਨ ਤੇ ਪਵਿਤਰ ਸਾਧਨ ਗੁਰਮਤ ਬਿਬੇਕ ਦਾ ਧਾਰਣੀ ਹੋਣਾ ਏ । ਗੁਰਮਤ ਸਾਦਗੀ ਦੀ ਸੂਚਕ ਏ ਤੇ ਬਿਬੇਕ ਸੁੰਦਰ ਮਤ ਦਾ ਅਰਥਾਤ ਸਾਦਗੀ ਤੇ ਸੁੰਦਰ ਮਤ (Broad Sense) ਇਹ ਫਿਕੇ ਸੁਆਦਾਂ ਪਿਛੇ ਸਾਡੀ ਆਤਮਾਂ ਦੀ ਜ਼ਰੂਰ ਰਖਿਆ ਕਰੇਗਾ । ਪਾਹੁਲ ਇਕ ਅਜੇਹੀ ਰਸੀਲੜੀ ਮਖਮੂਰੀ ਵਸਤ ਏ ਜੋ ਇਹ ਕਾਇਆ ਇਕ ਸਕਿੰਟ 'ਚ ਪਲਟ ਕੇ ਰਖ ਦਿੰਦੀ ਏ ਤੇ ਅਜਿਹਾ ਨਰ ਜਿਸ ਦੀ ਕਾਇਆ ਪਲਟ ਚੁਕੀ ਹੋਵੇ ਉਹਦੇ ਲਈ ਬੇਹਦ ਜ਼ਰੂਰੀ ਹੋ ਜਾਂਦਾ ਏ ਜੋ ਉਹ ਗੁਰਮਤ ਬਿਬੇਕ ਆਪਣੀ ਜ਼ਿੰਦਗੀ ਦੇ ਰੋਮ ਰੋਮ 'ਚ ਦ੍ਰਿੜਾਵੇ ।

ਸੋ ਸਪਸ਼ਟ ਏ ਜੋ ਸੀਗਾਰ, ਸੁਆਦ ਤੇ ਵਾਸ਼ਨਾ ਕਾਮ ਵਾਦੀ ਰੁਚੀਆਂ ਦੀਆਂ ਹੀ ਸ਼ਾਖਾਂ ਨੇ ਤੇ ਗੁਰਮਤ ਤੇ ਸਿਰੜ ਦੀ ਰਾਖੀ ਲਈ ਸਾਨੂੰ ਇਹਨਾਂ ਦੇ ਭੈੜ ਤੋਂ ਸਦੀਵ ਖਬਰਦਾਰ ਰਹਿਣਾ ਪਵੇਗਾ ।

ਸੋ ਤੱਤ ਇਹੋਈ ਏ :

"ਮਨ ਤਨ ਆਗੈ ਰਾਖਿ ਕੈ, ਊਭੀ ਸੇਵ ਕਰੇਇ ।"



www.AKJ.Org

# ਭੱਟ ਬਾਣੀ ਅਤੇ ਉਹਨਾਂ ਬਾਰੇ ਖੋਜ

( ਗਿਆਨੀ ਗੁਰਦਿੱਤ ਸਿੰਘ ਜੀ ਸੰਪਾਦਕ 'ਪਰਕਾਸ਼' ਚੰਡੀਗੜ੍ਹ )

ਸੰਮਤ ਅਠਾਰਾਂ ਸੌ ਪੰਦਰਾਂ (੧੮੧੫) ਦੇ ਕਰੀਬ ਜਦੋਂ ਸਿੰਘਾਂ ਨੇ ਸਰਹੰਦ ਲੁਟ ਕੇ ਦਿੱਲੀ ਦੀ ਪਾਤਸ਼ਾਹੀ ਨੂੰ ਝਟਕੇ ਦੇਣੇ ਸ਼ੁਰੂ ਕੀਤੇ ਹੋਏ ਸਨ, ਬਾਦਸ਼ਾਹ ਦੀ ਕਮਜ਼ੋਰੀ ਦਾ ਫਾਇਦਾ ਉਠਾਉਂਦਾ ਹੋਇਆ ਇਕ ਗਾਜ਼ੀਉਦੀਨ ਵਜ਼ੀਰ 'ਕਹਾਂ ਖੁਦਾ' ਬਣ ਬੈਠਾ ਸੀ। ਇਸ ਨਵੇਂ ਹਾਕਮ ਨੇ ਇਹ ਸਮਝ ਕੇ ਮੈਂ ਹੁਣ ਵੱਡਾ ਵਜ਼ੀਰ ਬਣ ਗਿਆ ਹਾਂ, ਜਿਵੇਂ ਹੋਰਨਾ ਬੀਰਾਂ ਦੀ ਭੱਟ ਉਪਮਾ ਗਾਉਂਦੇ ਹਨ, ਇਸ ਤਰ੍ਹਾਂ ਮੇਰੇ ਵੀ ਗੁਣ ਗਾਉਣ, ਭੱਟਾਂ ਨੂੰ ਮੰਗਵਾਕੇ ਕਿਹਾ ਕਿ ਮੇਰੀ ਉਪਮਾ ਕਰੋ ? ਭੱਟਾਂ ਨੂੰ ਇਸ ਚਾਰ ਦਿਨਾਂ ਦੇ ਮਹਮਾਨ ਤੇ ਹੇਰਾ ਫੇਰੀ ਨਾਲ ਸ਼ਕਤੀ ਤੇ ਕਾਬੂ ਪਾਉਣ ਵਾਲੇ ਥੋਥੇ ਹਾਕਮ ਵਿਚੋਂ ਬੀਰਤਾ ਦੇ ਚਮਤਕਾਰ ਕਿਥੋਂ ਮਿਲਣੇ ਸਨ ? ਉਹਨਾਂ ਨੇ ਆਪਣੀ ਅਸਮਰੱਥਾ ਪ੍ਰਗਟ ਕਰ ਦਿਤੀ। ਭੂਤਰੇ ਹੋਏ ਗਾਜ਼ੀਉੱਦੀਨ ਨੇ ਉਨ੍ਹਾਂ ਨੂੰ ਕਚਹਿਰੀ ਵਿਚ ਹੀ ਮਰਵਾ ਦਿਤਾ। ਫਿਰ ਇਕ ਗੰਗ ਭੱਟ ਸਦਿਆ ਗਿਆ। ਉਸ ਦਾ ਖਿਆਲ ਸੀ ਕਿ ਪਹਿਲੇ ਭੱਟਾਂ ਨਾਲ ਹੋਏ ਸਲੂਕ ਤੋਂ ਇਸ ਨੂੰ ਸਮਝ ਆ ਗਈ ਹੋਵੇਗੀ। ਜਦੋਂ ਗੰਗ ਨੂੰ ਕਿਹਾ ਗਿਆ ਕਿ ਗਾਜ਼ੀਉਦੀਨ ਵੱਡੇ ਵਜ਼ੀਰ ਸਾਹਿਬ ਦਾ ਜਸ ਬਣਾਵੇ ਤਾਂ ਉਸ ਨੇ ਸਪਸ਼ਟ ਆਖ ਦਿੱਤਾ ਕਿ ਮੇਰੇ ਪਾਸੋਂ ਝੂਠਾ ਜਸ ਨਹੀਂ ਆਖਿਆ ਜਾਂਦਾ, ਜਿਵੇਂ ਪਿਛਲੇ ਭੱਟ ਕਚਹਰੀ ਵਿਚ ਮਾਰੇ ਹਨ ਬੇਸ਼ਕ ਮੈਨੂੰ ਵੀ ਉਸੇ ਤਰ੍ਹਾ ਮਾਰ ਦੇਵੋ* ਤੇ ਉਸ ਨੇ ਸਗੋਂ ਟੋਕ ਕੀਤੀ:—

ਬਨਰੇ ਤੇ ਬਨਰੀ ਬਨੀ ਖਸਮ ਸੁ ਕੀਓ ਮਲ੍ਹਾਰ।
ਝਾਂਟ ਨਾ ਖੁਸੀ ਜਾਟ ਕੀ ਇਮ ਲੂਟ ਖਾਇਓ ਸੰਸਾਰ। (ਪ੍ਰਾਚੀਨ ਪੰਥ ਪ੍ਰਕਾਸ਼)

ਇਹ ਸੁਣਕੇ ਗੁੱਸੇ ਵਿਚ ਆਏ ਗਾਜੀਉਦੀਨ ਨੇ ਹੁਕਮ ਦਿਤਾ ਕਿ ਇਸ ਨੂੰ ਮਸਤ ਹਾਥੀ ਦੇ ਪੈਰਾਂ ਹੇਠਾਂ ਮਿਧਵਾ ਕੇ ਮਰਵਾ ਦੇਵੋ। ਜਦੋਂ ਗੰਗਾ ਭੱਟ ਨੂੰ ਲੋਕਾਂ ਦੇ ਇਕਠ ਸਾਹਮਣੇ ਇਸ ਤਰ੍ਹਾਂ ਮਾਰਨ ਲਈ

---

*ਸ਼ਾਹ ਦਿਲੀ ਕੇ ਸਤ ਭਯੋ। ਵਜ਼ੀਰ ਗਾਜਦੀ ਗਾਜਤ ਭਯੋ। ਮਤ ਮੈਂ ਗਾਜਦੀ ਜੀਓ ਅਭਿਮਾਨਾਂ। ਬੁਲਾਇ ਗੰਗ ਭਟ ਕੀਯੋ ਬਖਾਨ। ੩। ਅਬ ਤੁਮ ਹਮਰੇ ਜੱਸ ਬਨਾਯੋ, ਹਮ ਕੋ ਤੁਮ ਵਡ ਵਜ਼ੀਰ ਅਖਾਯੋ। ਗਾਜਦ ਬਨਰੋ ਹਮਰੋ ਖਿਤਾਬ, ਦਯੋ ਪਾਤਸ਼ਾਹ ਜੋ ਮੇਲੇ ਆਬ। ੪। ਤਬੈ ਗੰਗ ਨੇ ਐਸੇ ਕਹਿਯੋ. ਹਮਤੇ ਝੂਠ ਨਾ ਆਖਤ ਜਯੋ। ਸੱਚਾ ਸੱਚ ਜੁ ਕਹੋ ਬਖਾਨਾ ਕਰੋ ਸਚ ਪੈ ਜਾਨ ਕੁਰਬਾਨ। ੫। ਪਿਛਲੇ ਭੱਟ ਕਚਹਰੀ ਮਾਂਹਿ। ਝੂਠ ਨਾ ਬੋਲ, ਗਏ ਜਾਨ ਗਵਾਇ। ਅਥ ਮੈਂ ਆਖੋ ਘਾਵ ਪਛਾਨਾ,ਮੈਂ ਭੀ ਕਰੋ ਅਬ ਜਾਨ ਕੁਰਬਾਨ। ੬।



www.AKJ.Org

ਹਾਥੀ ਅਗੇ ਸੁੱਟਿਆ ਜਾਣ ਲਗਾ ਤਾਂ ਉਸਨੇ ਇਕੱਠੀ ਹੋਈ ਖਲਕਤ ਨੂੰ ਸੰਬੋਧਨ ਕਰਕੇ ਇੱਕ ਦੋਹਾ ਕਿਹਾ, ਜਿਹੜਾ ਮੂੰਹੋ ਮੂੰਹੀ ਉਸੇ ਵੇਲੇ ਸਾਰੇ ਪਾਸੀਂ ਫੈਲ ਗਿਆ, ਅਤੇ ਇਤਿਹਾਸਕ ਹਵਾਲਿਆਂ ਦੇ ਤੌਰ ਤੇ ਵਰਤੀਂਦਾ ਆਇਆ ਹੈ:—

ਇਉਂ ਸੁਣ ਤਿਸ ਕੋ ਆਗ ਲਗੀ, ਆਗੇ ਗਯੰਦ (ਹਾਥੀ) ਦਯੋ ਡਾਰ।
ਮਰਤਾ ਹੂਆ ਕਹਿ ਗਯੋ ਸੋ ਫੈਲ ਗਯੋ ਸੰਸਾਰ।
'ਕਦੇ ਨਾ ਗਾਂਡੂ ਰਣ ਚੜੇ ਕਦੇ ਨਾ ਬਾਜੇ ਬੰਬ।
ਸਗਲ ਸਭਾ ਕੋ ਰਾਮ ਰਾਮ ਬਿਦਾ ਹੋਤ ਹੈ ਗੰਗ।' (ਪ੍ਰਾਚੀਨ ਪੰਥ ਪ੍ਰਕਾਸ਼)

ਇਹ ਇਕ ਗਾਲ ਸੀ ਕਾਇਰ ਲਈ ਬਰਰਾ ਦੇਣ ਵਾਲੇ ਵਾਕ ਸਨ ਇਹ ਵਾਕ ਤੇ ਸ਼ਹੀਦੀਆਂ ਦਸਦੀਆਂ ਹਨ ਕਿ ਭੱਟ ਕਿਵੇਂ ਆਪਣੀ ਪ੍ਰਥਾ ਤੇ ਵਫਾ ਕਾਇਮ ਰਖਣ ਲਈ ਜਾਨਾਂ ਉਤੇ ਖੇਲਦੇ ਰਹੇ ਹਨ। ਪੰਜਾਬ ਦੇ ਭੱਟ ਜਦੋਂ ਗੁਰੂ ਸਾਹਿਬ ਦੇ ਸੰਪਰਕ ਵਿਚ ਆਏ, ਉਨ੍ਹਾਂ ਨੇ ਨਾ ਸਿਰਫ ਗੁਰੂ ਜਸ ਭਰੀ ਓਜ ਪੂਰਨ ਪਦ ਰਚਨਾ ਹੀ ਕੀਤੀ। ਸਗੋਂ ਕਈ ਜੰਗਾਂ ਜੁਧਾਂ ਵਿਚ ਬੀਰਤਾ ਦੇ ਜੌਹਰ ਭੀ ਦਿਖਾਏ, ਭੱਟਾਂ ਦਾ ਸਿਖੀ ਧਰਮ ਧਾਰਨ ਕਰਨ ਪਿਛੋਂ ਦਾ ਇਤਿਹਾਸ਼ ਦਸਦਾ ਹੈ ਕਿ, ਕਈ ਵਾਰ ਉਹ ਆਪਣੇ ਜਜ਼ਮਾਨਾਂ ਤੋਂ ਉਗਰਾਹੀ ਕਰਦੇ ਸਿਖੀ ਦੇ ਪ੍ਰਚਾਰ ਹੋਣ ਦੇ ਦੋਸ਼ੀ ਕਾਰਨ ਫੜ ਕੇ ਕੋਹੇ ਗਏ, ਸ਼ਹੀਦ ਕੀਤੇ ਗਏ। ਬੀਰਤਾ ਤੇ ਵਫ਼ਾ ਦੀਆਂ ਇਹ ਮਿਸਾਲਾਂ ਸਾਨੂੰ ਇਸ ਜਾਤੀ ਦੇ ਦੂਜੇ ਪੱਖਾਂ ਨੂੰ ਜਾਨਣ ਲਈ ਟੁੰਬਦੀਆਂ ਹਨ ਕਿ, ਵਿਦਵਤਾ ਸਾਹਿੱਤ ਆਦਿਕ ਖੇਤਰਾਂ ਵਿਚ ਇਸ ਸ਼ਰੇਣੀ ਦਾ ਕੀ ਦਰਜਾ ਰਹਿਆ ਹੈ ? ਵਿਦਵਤਾ ਦਾ ਖੇਤਰ ਤਾਂ ਪਹਿਲਾਂ ਹੀ ਭੱਟਾਂ ਦੀ ਆਪਣੀ ਕਰਮ-ਭੂਮੀ ਸੀ। ਵੇਦਾਂ ਤੇ ਪੁਰਾਣਾਂ ਦੀ ਸਿਰਜਨਾਂ ਵਿਚ ਇਹਨਾਂ ਦਾ ਕਿੰਨਾ ਹਿਸਾ ਹੈ ? ਭਾਵੇਂ ਇਸ ਦਾ ਪੂਰਾ ਨਿਖੇੜ ਨਹੀਂ ਹੋ ਸਕਿਆ ਤੇ ਕਰਨਾ ਸੰਭਵ ਭੀ ਨਹੀਂ, ਪਰ ਵੈਦਿਕ ਕਾਲ ਉਤੇ ਖੋਜਾਂ ਕਰਨ ਵਾਲੇ ਵਿਦਵਾਨ ਇਸ ਗਲ ਤੇ ਸਹਿਮਤ ਹਨ ਕਿ ਵੇਦਾਂ ਵਿਚ ਬਹੁਤ ਸਾਰੇ ਸੂਤ੍ਰ ਤੇ ਮੰਤਰ ਭੱਟਾਂ ਦੇ ਰਹੇ ਹੋਏ ਹਨ। *ਭੱਟਾਂ ਨੂੰ ਵਿਦਿਆ ਦੇ ਅਵਤਾਰ ਮੰਨਿਆ ਜਾਂਦਾ ਰਹਿਆ ਹੈ। ਗਿਆਨ ਦੇ ਖੇਤਰ ਵਿਚ ਇਹਨਾਂ ਨੂੰ ਉੱਚਾ ਦਰਜਾ ਹੋਣ ਕਾਰਣ ਭੱਟ ਤੇ ਭਟਾਚਾਰੀਆ ਸ਼ਬਦ ਵਿਦਵਾਨ ਹੋਣ ਦੀ ਉਪਾਧੀ ਦੇ ਤੌਰ ਤੇ ਉਹ ਲੋਕ ਵੀ ਜੋ ਭੱਟ ਨਹੀਂ ਸਨ, ਆਪਣੇ ਦਾਵਾ ਵਰਤਣ ਲਗ ਪਏ ਸਨ।

ਸੰਸਕ੍ਰਿਤ ਦੇ ਪ੍ਰਸਿਧ ਗ੍ਰੰਥ 'ਕਾਦੰਬਰੀ' ਦਾ ਕਰਤਾ ਬਾਣ ਭੱਟ ਦੀ ਆਤਮ-ਕਥਾ ਵਿਚ ਆਉਂਦਾ ਹੈ ਕਿ, ਮੇਰੇ ਨਾਲ ਭੱਟ ਤਾਂ ਲੋਕਾਂ ਨੇ ਪਿਛੋਂ (ਵਿਦਵਾਨ ਜਾਣ ਕੇ) ਜੋੜਿਆ ਸੀ, ਉਂਞ ਮੈਂ ਅਵਾਰਾ, ਗੱਪੀ, ਘੁਮੱਕੜ ਤੇ ਕਦੇ ਭੀ ਨਿਚਲਾ ਹੋ ਕੇ ਬੈਠਣ ਵਾਲਾ ਨਹੀਂ ਸੀ। ਮਗਧ ਦੀ ਬੋਲੀ ਵਿਚ 'ਬਾਫ਼ਡਾ' ਪੂਛ ਕਟਾ ਜਾਣੀ ਲੰਡੇ ਨੂੰ ਕਹਿੰਦੇ ਹਨ, ਮੇਰੀਆਂ ਕਰਤੂਤਾਂ ਕਾਰਨ ਲੋਕਾਂ ਨੇ ਮੇਰਾ ਇਹ ਨਾਉਂ ਪਾਇਆ

* ਬੀਰ ਕਾਵਯ ਸਫ਼ਾ ੧੫, ਸ੍ਰੀ ਉਦਯ ਨਰਾਇਣ ਤਿਵਾੜੀ।

† ਬਾਣ ਭੱਟ ਕੀ ਆਤਮ ਕਥਾ ਸਫ਼ਾ ੧੦, ਹਜ਼ਾਰੀ ਪ੍ਰਸਾਦ ਦ੍ਵਿਵੇਦੀ।


www.AKJ.Org

ਹੋਇਆ ਸੀ ਜਦੋਂ ਕਿ ਮੇਰਾ ਅਸਲੀ ਨਾਉਂ ਦੱਛ ਸੀ, ਪਰ ਮੈਂ ਆਪਣਾ ਅਸਲੀ ਨਾਉਂ ਛਡ ਕੇ ਲੋਕਾਂ ਦੇ ਪਾਏ ਇਸ ਨਾਉਂ ਦਾ ਸ਼ੁਧੀ-ਕਰਣ ਕਰਕੇ ਆਪਣਾ ਨਾਮ 'ਬਾਣ ਭੱਟ' ਪਾ ਲਿਆ।

ਮਹਾਂ ਪੰਡਿਤ ਗੌਰੀ ਸ਼ੰਕਰ ਓਝਾ ਜੀ ਆਪਣੀ ਅਮਰ ਰਚਨਾ ਰਾਜਪੂਤਾਨੇ ਕਾ ਇਤਿਹਾਸ ਵਿਚ ਇਕ ਮਹਾਨ ਅਚਾਰੀਆਂ ਭੱਟ ਦਾ ਵਰਨਣ ਕਰਕੇ ਲਿਖੇ ਹਨ ਕਿ 'ਬੀਕਾਨੇਰ ਦੇ ਮਹਾਰਾਜ ਅਨੂਪ ਸਿੰਘ ਦੇ ਦਰਬਾਰ ਵਿਚ ਇਕ ਸੰਗੀਤ ਪੰਡਿਤ 'ਭਾਵ ਭੱਟ ਨਾਮ' ਨੇ 'ਅਨੂਪਾਕੁਸ' ਅਨੂਪ ਸੰਗੀਤ ਬਿਲਾਸ ਤੇ 'ਅਨੂਪ ਰਤਨਾਕਰ' ਸੰਗੀਤ ਗ੍ਰੰਥਾਂ ਦੀ ਰਚਨਾ ਕੀਤੀ। ਭਾਵ ਭੱਟ ਦਾ ਪਿਤਾ ਜਨਾਰਦਨ ਭੱਟ ਸ਼ਾਹਜਹਾਂ ਦੇ ਦਰਬਾਰ ਦਾ ਗਵੱਈਆ ਸੀ।*

ਭੱਟਾਂ ਨੂੰ ਆਪਣੀ ਬਾਣੀ ਉੱਤੇ ਕਿਤਨਾ ਮਾਣ ਸੀ, ਇਸ ਗੱਲ ਦਾ ਪਤਾ ਇਕ ਭੱਟ ਬਾਰੇ ਆਈ ਇਕ ਵਾਰਤਾ ਤੋਂ ਮਿਲਦਾ ਹੈ। ਉਸ ਭੱਟ ਦਾ ਨਾਮ ਚਤਰਾ ਸੀ। ਭੱਟਾਂ ਨੂੰ ਬਹੁਤ ਵਾਰੀ ਰਾਜਿਆਂ ਦਾ ਕ੍ਰੋਧ ਸਹਿਣਾ ਪੈਂਦਾ ਸੀ, ਕਦੇ ਮਨ ਭਾਉਂਦੀ ਉਪਮਾ ਨਾ ਕਹੀ ਜਾ ਸਕੇ, ਭੱਟਾਂ ਦੇ ਕਹੇ ਛੰਦਾਂ ਵਿਚ ਰੂਪਕ ਤੇ ਅਲੰਕਾਰ ਰਾਜੇ ਦੇ ਪਸੰਦ ਨਾ ਆਉਣ, ਕਈ ਵਾਰ ਕਿਸੇ ਦੂਜੇ ਰਾਜੇ ਦੀ ਵਧ ਉਪਮਾ ਕਰੇ ਜਾਣ ਤੋਂ ਰਾਜਾ ਲੋਗ ਕ੍ਰੋਧਿਤ ਹੋ ਜਾਂਦੇ ਸਨ। ਅਜਿਹੇ ਵੇਲਿਆਂ ਉਤੇ ਭੱਟ ਜਿਸ ਚਤੁਰਤਾ ਨਾਲ ਮੌਕਾ ਸੰਭਾਲਦੇ ਸਨ, ਕ੍ਰੋਧ ਨੂੰ ਹੁਲਾਸ ਵਿਚ ਬਦਲਣ ਲਈ ਜੋ ਕਰਾਮਾਤਾਂ ਕਰ ਦਿਖਾਉਂਦੇ ਸਨ, ਉਸ ਤੋਂ ਪ੍ਰਤੀਤ ਹੁੰਦਾ ਹੈ ਕਿ ਅਜਿਹੇ ਵੇਲਿਆਂ ਸਮੇਂ ਸੱਚ ਮੁਚ ਹੀ ਸਰਸ੍ਵਤੀ ਦੇਵੀ ਉਹਨਾਂ ਦੀ ਜੀਭਾਂ ਤੇ ਆ ਵਾਸ ਕਰਦੀ ਸੀ।

ਇਕ ਘਟਨਾ ਆਉਂਦੀ ਹੈ : ਸਤਾਰ੍ਹਵੀਂ ਸਦੀ ਦੇ ਚਤਰੇ ਨਾਮੀ ਮੋਤੀਸਰ† ਚਾਰਣਨੇ ਇਕ ਯੁਧ ਕਥਾ ਲਿਖੀ ਜਿਸ ਵਿਚ ਰਾਜਾ ਭੀਮ ਤੇ ਗਜ ਸਿੰਘ ਦੇ ਯੁਧ ਦਾ ਵਰਣਨ ਸੀ। ਗਜ ਸਿੰਘ ਨੇ ਭੀਮ ਨੂੰ ਮਾਰ ਦਿਤਾ ਸੀ ਪਰ ਕਵੀ ਨੇ ਉਹਦੀ ਮੌਤ ਦਾ ਵਰਨਣ ਇਸ ਤਰ੍ਹਾਂ ਕੀਤਾ ਕਿ ਉਹ ਬੀਰਤਾ ਨਾਲ ਨਹੀਂ ਮਾਰਿਆ ਗਿਆ ਸੀ, ਉਸ ਨੇ ਲਿਖਿਆ : ਜਿਵੇਂ ਕਈ ਆਦਮੀ ਭੈਂਸੇ ਨੂੰ ਘੇਰ ਕੇ ਭਾਲਿਆਂ ਨਾਲ ਵਿੰਨ੍ਹ ਕੇ ਮਾਰ ਦੇਣ, ਇਸ ਤਰ੍ਹਾਂ ਤਾਂ ਭਾਵੇਂ ਕਿਸੇ ਨੂੰ ਮਾਰ ਦਿਤਾ ਜਾਵੇ ? ਇਹ ਬੀਰਾਂ ਦੇ ਕਰਤੱਵ ਨਹੀਂ ਹੁੰਦੇ ? ਗਜ ਸਿੰਘ ਇਹ ਸੁਣ ਕੇ ਦੁਖੀ ਹੋਇਆ ਤੇ ਉਸ ਨੇ ਕਹਿਆ, ਜਦੋਂ ਇਸ ਕਾਵਿ ਰਚਨਾ ਦਾ ਕਰਤਾ ਭੱਟ ਦਰਬਾਰ ਵਿਚ ਆਵੇ ਤਾਂ ਤਲਵਾਰ ਨਾਲ ਸਿਰ ਲਾਹ ਦਿਤਾ ਜਾਵੇ। ਇਹ ਸੁਣ ਕੇ ਭੱਟ ਉਸਦੇ ਰਾਜ ਦਰਬਾਰ ਵਿਚ ਆ ਪੁੱਜਿਆ। ਭੀਮ ਸਿੰਘ ਨੇ ਉਸ ਦਾ ਸਿਰ ਕਲਮ ਕਰਨ ਲਈ ਤਲਵਾਰ ਖਿੱਚ ਲਈ ਤੇ ਅਗੋਂ ਚਤਰੇ ਭੱਟ ਨੇ ਆਪਣੀ ਬਾਣੀ ਦਾ ਅਜਿਹਾ ਬਾਣ ਚਲਾਇਆ ਕਿ ਤਲਵਾਰ ਮਿਆਨ ਵਿਚ ਜਾ ਲੁਕੀ। ਉਸ ਨੇ ਕਹਿਆ ਸੀ : ਇਹ ਤਲਵਾਰ ਤੂੰ ਕਿਸ ਲਈ ਖਿੱਚੀ ਹੈ ? ਇਸ ਨੂੰ ਤਾਂ ਦੇਖਦਿਆਂ ਹੀ ਤੁਰਕ ਭੱਜ ਗਏ ਹਨ ਤੇ ਹਿੰਦੂਆਂ ਦੇ ਘਰ ਉਤਸ਼ਵ ਮਨਾਏ ਜਾ ਰਹੇ ਹਨ, ਹੁਣ ਇਸਦੇ ਵਾਰ ਦੀ ਕੀ ਲੋੜ :

---

* ਰਾਜਪੂਤਾਨੇ ਦੇ ਇਤਿਹਾਸ ਸਫ਼ਾ ੩੩, ਗੌਰੀ ਸ਼ੰਕਰ ਹੀਰਾ ਚੰਦ ਓਝਾ।

† ਮੋਤੀਸਰ ਭੱਟਾਂ ਦੀ ਇਕ ਉਪਜਾਤੀ ਦਾ ਨਾਮ ਹੈ। ਦੇਖੋ ਅਗੇ ਭੱਟਾਂ ਦੀਆਂ ਉਪਜਾਤੀਆਂ।


www.AKJ.Org

ਤੂੰ ਤੋਲੇ ਤਲਵਾਰ ਸਿਰ ਸੋਹੇ ਗਜ ਸਿੰਹ ਦੇ।
ਹੂਈ ਤੁਰਕਾਨੀ ਹਾਰ ਹਿੰਦੂਆਂਨੇ ਉਤਸਵ ਹੂਏ।

ਇਹ ਗਲ ਸੁਣ ਕੇ ਗੁੱਸੇ ਦਾ ਭਰਿਆ ਰਾਜਾ ਸ਼ਾਂਤ ਹੋ ਗਿਆ। ਉਸ ਦੇ ਫਲ ਸਵਰੂਪ ਭੱਟ ਦੀ ਜਾਨ ਭੀ ਬਖ਼ਸ਼ੀ ਹੋਈ ਤੇ ਜ਼ਬਤ ਜਾਇਦਾਦ ਵਾਪਸ ਕਰਕੇ ਉਸ ਨੂੰ ਹੋਰ ਦਾਨ ਭੀ ਦਿਤੇ ਗਏ।

ਇਹ ਘਟਨਾ ਸਿੱਧ ਕਰਦੀ ਹੈ ਕਿ ਭੱਟ ਆਪਣੀ ਬਾਣੀ ਦੀ ਚਤੁਰਤਾ ਤੇ ਭਰੋਸੇ ਰਖਦੇ ਹੋਏ ਕਿਵੇਂ ਮੌਤ ਨਾਲ ਖੇਲਦੇ ਹੋਏ ਕਾਲ ਦੇ ਮੂੰਹੋਂ ਜੀਵਨ ਪ੍ਰਾਪਤ ਕਰ ਲੈਂਦੇ ਸਨ।

ਭੱਟਾਂ ਦੀ ਰਚਨਾ ਕਈ ਵਾਰ ਵਾਰ ਵਾਕ ਸਿੱਧੀ ਦੇ ਮਹਾਨ ਚਮਤਕਾਰ ਕਰ ਵਿਖਾਉਂਦੀ ਸੀ। ਭੱਟ ਪਦਮਾਕਰ ਦੀ ਇਕ ਕਥਾ ਪ੍ਰਸਿਧ ਹੈ: ਕਵੀ ਪਦਮਾਕਰ ਅਸਲੋਂ ਤੋਂ ਭੱਟ ਸਨ* ਇਕ ਵਾਰੀ ਕੁਸ਼ਟ ਰੋਗ ਦੀ ਲਪੇਟ ਵਿਚ ਆ ਗਏ। ਉਹਨਾਂ ਨੇ ਇਸ ਰੋਗ ਸਮੇਂ 'ਗੰਗਾ ਲਹਿਰੀ' ਗ੍ਰੰਥ ਦੀ ਰਚਨਾ ਕੀਤੀ ਜਿਉਂ ਜਿਉਂ ਉਹ ਗ੍ਰੰਥ ਦੀ ਰਚਨਾ ਕਰਦੇ ਗਏ ਰੋਗ ਤੋਂ ਮੁਕਤ ਹੁੰਦੇ ਗਏ। ਇਉਂ ਭੱਟ ਮਹਾ ਵਿਦਵਾਨ ਤੇ ਅਦੁਤੀ ਤੇ ਸੰਗੀਤ ਚਾਰਯ, ਤੇ ਆਪਣੀ ਬਾਣੀ ਦੀਆਂ ਸਿੱਧੀਆਂ ਕਾਰਨ (ਜਿਨ੍ਹਾਂ ਦੀਆਂ ਇਹ ਕੁਝ ਕੁ ਵੰਨਗੀਆਂ ਹੀ ਹਨ) ਸਾਡੇ ਸਮਾਜ ਵਿਚ ਆਪਣੀ ਵਿਲੱਖਣਤਾ ਰਖਦੇ ਆਏ ਸਨ। ਭੱਟਾਂ ਦੀ ਸਾਹਿੱਤਕ ਦੇਣ-ਨੀਤੀ ਬਚਨ, ਸਿੰਗਾਰ ਭਰੇ ਛੰਦ, ਬੀਰ ਰਸੀ ਦੋਹੇ ਨਿਕੇ ਵਡੇ ਗ੍ਰੰਥ ਤੇ ਵਾਰਤਾਲਾਪ ਬਹੁਤ ਹਨ। ਜਿਸ ਭਾਸ਼ਾ ਵਾਲਿਆਂ ਨੇ ਉਹਨਾਂ ਦੀ ਸੁਰਤ ਸੰਭਾਲ ਕੀਤੀ ਹੈ ਇਹ ਰਚਨਾਵਾਂ ਉਹਨਾਂ ਦੇ ਆਦਿ ਸਾਹਿੱਤ ਦੇ ਮਾਣ ਯੋਗ ਭਾਗ ਬਣ ਗਈਆਂ ਹਨ। ਜਦੋਂ ਸਾਡੇ ਪੰਜਾਬੀ ਦੇ ਸਾਹਿੱਤ ਵਿਚ ਭੱਟਾਂ ਦੇ ਕਾਲ ਉਤੇ ਮੁਕੰਮਲ ਖੋਜ ਹੋਈ ਸਾਨੂੰ ਯਕੀਨ ਹੈ ਸਾਡੇ ਸਾਹਿਤ ਦੀ ਜਮਨਾ ਤੇ ਭਗਤੀ ਕਾਲ ਦੇ ਫ਼ਰੀਦ ਜੀ ਅਤੇ ਗੁਰੂ ਸਾਹਿਬਾਨ ਦੇ ਸਾਹਿਤ ਦੀ ਗੰਗਾ ਵਿਚਕਾਰ ਬੀਰ ਰਸੀ ਕਾਲ ਦੀ ਜੋ ਸਰਸ੍ਵਤੀ ਲੁਪਤ ਹੋਈ ਹੋਈ ਹੈ ਉਸ ਦੇ ਪ੍ਰਗਟ ਹੋਣ ਉਤੇ ਹੀ ਅਸੀਂ ਆਪਣੇ ਸਾਹਿਤਕ ਕੁੰਭ ਦੇ ਤ੍ਰਿਬੈਣੀ ਸੰਗਮ ਵਿਚ ਟੁੱਬੀਆਂ ਲਾ ਸਕਾਂਗੇ।

ਪੰਜਾਬ ਦੇ ਇਤਿਹਾਸ ਤੇ ਏਥੋਂ ਦੇ ਪੁਰਾਣੇ ਸਮਿਆਂ ਦੇ ਲੋਕਾਂ ਬਾਰੇ ਤਾਂ ਅਸੀਂ ਉਨਾਂ ਚਿਰ ਪੂਰੀ ਤਰ੍ਹਾਂ ਠੀਕ ਗਲਾਂ ਵੀ ਜਾਣ ਨਹੀਂ ਸਕਦੇ ਜਿੰਨਾਂ ਚਿਰ ਭੱਟਾਂ ਦੀਆਂ ਰਚਨਾਵਾਂ ਵਹੀਆਂ ਤੇ ਲਿਖਤਾਂ ਦੀ ਪੁਣਛਾਣ ਨਾ ਕਰ ਸਕੀਏ, ਪੁਰਾਣੇ ਵੱਡੇ ਛੋਟੇ ਖਾਨਦਾਨਾਂ ਦੀਆਂ ਬੰਸਾਵਲੀਆਂ ਉਨ੍ਹਾਂ ਤੋਂ ਮਿਲੇ ਸਮੇਂ ਸੁਮੇਂ ਦਾਨ ਤੇ ਬਖਸ਼ੀਸ਼ਾਂ ਦੀ ਪ੍ਰਾਪਤੀ ਵੇਲੇ ਦਿਤੇ ਗਏ ਨੋਟ ਸਾਡੇ ਇਤਿਹਾਸ ਲਈ ਜਿਤਨਾ ਮੁਢਲਾ ਤੇ ਕੀਮਤੀ ਕੱਚਾ ਮਸਾਲਾ ਹਨ ਉਹ ਹੋਰ ਕਿਧਰੋਂ ਮਿਲ ਨਹੀਂ ਸਕਦਾ। ਹਾਲਾਂ ਤਾਂ ਸਾਡੇ ਲਈ ਏਹੋ ਹੀ ਹੀ ਪਹਲੀ ਗੱਲ ਬਣੀ ਹੋਈ ਹੈ ਕਿ ਇਕ ਭੱਟ ਹੁੰਦੇ ਕੌਣ ਸਨ ਤੇ ਕਿਸ ਤਰ੍ਹਾਂ ਦੀ ਧਾਰਨਾ ਤੇ ਕਿਵੇਂ ਤੇ ਕਿਹੋ ਜਿਹੀਆਂ ਰਚਨਾਵਾਂ ਕਰਦੇ ਸਨ। (ਲੇਖ ਲੜੀ ਚਲਦੀ)

*ਪਦਮਕਾਰ ਜੀ ਦੇ ਪਿਤਾ ਮੋਹਨ ਲਾਲ ਭੱਟ ਮੱਧ ਪ੍ਰਾਂਤ ਦੇ ਰਹਣ ਵਾਲੇ ਸਨ, ਉਨ੍ਹਾਂ ਦੇ ਵਡੇ ਵਡੇਰਿਆਂ ਵਿਚ ਮਧੁਕਰ ਭੱਟ ਯੁਜਰ ਵੇਦੀ ਬ੍ਰਾਹਮਣ ਸਨ।


www.AKJ.Org

# ਆਦਰਸ਼ਕ ਮਨੁਖ

(ਭਾਈ ਇਕਬਾਲ ਸਿੰਘ ਜੀ ਐਮ.ਏ. ਪਟਿਆਲਾ)

ਖਾਲਸਾ ਗੁਰੂ ਗੋਬਿੰਦ ਸਿੰਘ ਦਾ ਸ਼ਾਹਕਾਰ ਹੈ। ਭਾਵੇਂ ਗੁਰੂ ਗੋਬਿੰਦ ਸਿੰਘ ਨੇ ਥੋੜ੍ਹਚਿਰੀ ਸੰਸਾਰਕ ਜੀਵਨ ਵਿਚ ਅਨੇਕਾਂ ਮਹਾਨ ਕੰਮ, ਅਨੇਕਾਂ ਯੁਧਾਂ ਵਿਚ ਫਤਹ ਪਾਈ, ਸਾਹਿਤਕ ਰਚਨਾਂ ਦੀ ਸਿਖਰ ਨੂੰ ਛੋਹਿਆ ਤੇ ਦੇਸ਼ ਕੌਮ ਲਈ ਆਪਣਾ ਸਰਬੰਸ ਨਿਛਾਵਾਰ ਕਰ ਦਿਤਾ ਤੇ ਇਹ ਸਭ ਕੁਝ ਉਨ੍ਹਾਂ ਦੀ ਮਹਾਨਤਾ ਨੂੰ ਸਦੀਵ ਕਾਲ ਲਈ ਅਮਰ ਕਰਨ ਲਈ ਕਾਫੀ ਹੈ, ਪਰ 'ਖਾਲਸਾ' ਗੁਰੂ ਗੋਬਿੰਦ ਸਿੰਘ ਦੀ ਇਕ ਅਜੇਹੀ ਦੇਣ ਹੈ, ਜਿਸ ਨੇ ਗੁਰੂ ਜੀ ਦੀ ਪ੍ਰਤੱਖ ਹੋਂਦ ਨੂੰ ਅਮਲ ਵਿਚ ਲਿਆਂਦਾ। ਗੁਰੂ ਸਿੱਖ ਤੇ ਸਿਖ ਗੁਰੂ ਹੋ ਨਿਬੜਿਆ। ਸੰਸਾਰ ਵਿਚ ਹੋਰ ਵੀ ਅਨੇਕਾਂ ਅਵਤਾਰ ਹੋਏ ਹਨ, ਪਰ ਰਾਮ ਨੇ ਰਾਮ ਪੈਦਾ ਨਹੀਂ ਕੀਤਾ ਤੇ ਕ੍ਰਿਸ਼ਨ ਨੇ ਕ੍ਰਿਸ਼ਨ ਨਹੀਂ ਸੀ ਬਨਾਇਆ, ਪਰ ਗੁਰੂ ਗੋਬਿੰਦ ਸਿੰਘ ਦਾ ਕਮਾਲ ਹੈ ਕਿ ਆਪਣਾ ਸਰੂਪ ਖਾਲਸਾ ਪੈਦਾ ਕੀਤਾ। ਇਕ ਆਦਰਸ਼ਕ ਮਨੁਖ ਦੀ ਸਿਰਜਨਾ ਕੀਤੀ। ਅਜੇਹਾ ਮਨੁਖ ਜਿਸ ਨੇ ਭਾਰਤ ਦੇ ਇਤਿਹਾਸ ਨੂੰ ਨਵਾਂ ਰਾਹ ਵਿਖਾਇਆ ਤੇ ਮੁਰਦਾ ਹੋ ਚੁਕੀ ਭਾਰਤੀ ਸਭਿਅਤਾ ਨੂੰ ਆਪਣਾ ਲਹੂ ਡੋਲ੍ਹ ਕੇ ਸੁਰਜੀਤ ਕੀਤਾ।

ਖਾਲਸੇ ਦੀ ਸਿਰਜਨਾ ਬਾਰੇ, ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਨੇ ਕਲਗੀਧਰ ਚਮਤਕਾਰ ਵਿਚ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ੧੧ ਮਹੀਨੇ ੧੧ ਦਿਨ ਦੇ ਇਕਾਗਰਤਾ ਵਾਸ ਪਿਛੋਂ ਧਰਤੀ ਦੇ ਭਾਰ ਨੂੰ ਹਰਨ ਲਈ ਖਾਲਸਾ ਸਾਜਨ ਦੀ ਆਤਮ ਪ੍ਰੇਰਨਾ ਲਈ। ਅਸਲ ਵਿਚ ਇਹ ਪ੍ਰੇਰਨਾ ਗੁਰੂ ਗੋਬਿੰਦ ਸਿੰਘ ਜੀ ਅਕਾਲ ਪੁਰਖ ਤੋਂ ਧੁਰੋਂ ਹੀ ਲੈ ਕੇ ਆਏ ਸਨ, ਜਿਸ ਦਾ ਪਤਾ ਬਚਿਤ੍ਰ ਨਾਟਕ ਵਿਚ ਲਿਖੀ ਗੁਰੂ ਸਾਹਿਬ ਦੀ ਆਤਮਾ ਕਥਾ ਦੀ ਇਸ ਪੰਗਤੀ ਤੋਂ ਲਗਦਾ ਹੈ:—

ਮੈ ਅਪਨਾ ਸੁਤ ਤੁਹਿ ਨਿਵਾਜਾ।
ਪੰਥ ਪ੍ਰਚੁਰ ਕਰਬੇ ਕਉ ਸਾਜਾ।
ਜਹਾ ਤਹਾ ਤੈ ਧਰਮੁ ਚਲਾਇ।
ਕਬੁਧਿ ਕਰਨ ਤੇ ਲੋਕ ਹਟਾਇ।
ਠਾਢ ਭਯੋ ਮੈ ਜੋਰ ਕਰ,
ਬਚਨ ਕਹਾ ਸਿਰ ਨਿਆਇ।
ਪੰਥ ਚਲੈ ਤਬ ਜਗਤ ਮੈ,
ਜਬ ਤੁਮ ਕਰਹੁ ਸਹਾਇ।

ਖਾਲਸਾ ਸਾਜਨ ਦੀ ਆਤਮ ਪ੍ਰੇਰਨਾ ਦੇ ਦੁਨਿਆਵੀ ਕਾਰਨ ਉਸ ਸਮੇਂ ਦੇ ਹਾਲਾਤ ਵਿਚ



www.AKJ.Org

ਮੌਜੂਦ ਸਨ, ਜਿਨ੍ਹਾਂ ਦਾ ਵੇਰਵੇ ਸਹਿਤ ਅਧਿਐਨ ਜ਼ਰੂਰੀ ਹੈ । ਭਾਰਤ ਦੀ ਬਦਕਿਸਮਤੀ ਨਾਲ ਔਰੰਗਜ਼ੇਬ ਦਾ ਵਡਾ ਭਰਾ ਜਿਹੜਾ ਧਾਰਮਿਕ ਖੁਲ੍ਹਦਿਲੀ ਦਾ ਹਾਮੀ ਸੀ ਔਰੰਗਜ਼ੇਬ ਦੇ ਹਥੋਂ ਹਾਰ ਖਾ ਕੇ ਕਤਲ ਹੋਇਆ। ਹਿੰਦੁਸਤਾਨ ਦੇ ਤਖ਼ਤ ਤੋਂ ਔਰੰਗਜ਼ੇਬ ਦੇ ਇਹ ਗਲ ਸਪਸ਼ਟ ਕਰ ਦਿਤੀ ਸੀ ਕਿ ਭਾਰਤ ਵਿਚ ਕੇਵਲ ਮੁਸਲਮਾਨ ਹੀ ਰਹਿ ਸਕਦੇ ਹਨ ਤੇ ਹੋਰਨਾਂ ਧਰਮਾਂ ਦੀ ਇਥੇ ਕੋਈ ਥਾਂ ਨਹੀਂ। ਔਰੰਗਜ਼ੇਬ Bigotism ਭਾਵ ਤੁਅਸਬ ਦਾ ਮੁਜੱਸਮਾ ਸੀ । ਉਹ ਦਾਰੁਲ ਇਸਲਾਮ ਦਾ ਹਾਮੀ ਸੀ ਤੇ ਉਸ ਦੀ ਦਿਲੀ ਇਛਾ ਸੀ ਕਿ ਸਾਰਾ ਭਾਰਤ ਇਕ ਮਤ ਦਾ ਹੋਵੇ ਭਾਵ ਸਾਰੇ ਹੀ ਮੁਸਲਮਾਨ ਬਣ ਜਾਣ । ਇਸ ਇਛਾ ਨੂੰ ਅਮਲੀ ਰੂਪ ਦੇਣ ਲਈ ਔਰੰਗਜ਼ੇਬ ਨੇ ਆਪਣੀ ਸਾਰੀ ਸਰਕਾਰੀ ਮਸ਼ੀਨਰੀ ਨੂੰ ਹਰਕਤ ਵਿਚ ਲੈ ਆਂਦਾ । ਗੁਰੂ ਤੇਗ਼ ਬਹਾਦਰ ਦੀ ਮਹਾਨ ਕੁਰਬਾਨੀ, ਔਰੰਗਜ਼ੇਬ ਦੀ ਇਸੇ ਪਾਲਸੀ ਦਾ ਪ੍ਰਤੀਕ੍ਰਮ ਸੀ, ਪਰ ਇਸ ਕੁਰਬਾਨੀ ਦਾ ਔਰੰਗਜ਼ੇਬ ਜਿਹੇ ਪਥਰ ਦਿਲ ਇਨਸਾਨ ਤੇ ਕੋਈ ਬਹੁਤਾ ਅਸਰ ਨਾ ਹੋਇਆ । ਉਸ ਦੇ ਅਕਹਿ ਤੇ ਅਸਹਿ ਜ਼ੁਲਮਾਂ ਦੀ ਚਕੀ ਉਵੇਂ ਹੀ ਚਲਦੀ ਰਹੀ। ਪੰਜਾਬੀ ਦੀ ਇਕ ਅਖਾਉਤ 'ਲਾਤੋ ਕੇ ਭੂਤ, ਬਾਤੋਂ ਸੇ ਨਹੀਂ ਮਾਨਤੇ' ਅਨੁਸਾਰ ਔਰੰਗਜ਼ੇਬ ਰਹਿਮ ਤੇ ਪਿਆਰ ਦੇ ਜਜ਼ਬੇ ਤੋਂ ਹੋਣ ਕੋਰਾ ਕਰਕੇ ਭਗਤਾਂ ਦੀ ਭਗਤੀ ਤੇ ਕੁਰਬਾਨੀ ਨਹੀਂ ਸੀ ਪਸੀਜਦਾ, ਸਗੋਂ ਉਹ ਡੰਡੇ ਦਾ ਯਾਰ ਸੀ ।

ਗੁਰੂ ਨਾਨਕ ਦੇਵ ਜੀ ਨੇ ਨਾ ਕੋਈ ਹਿਦੂ ਨਾ ਮੁਸਲਮਾਨ ਦਾ ਨਾਹਰਾ ਲਾਕੇ ਇਕ ਵਖਰਾ ਰਾਹ ਵਿਖਾਇਆ । ਗੁਰੂ ਨਾਨਕ ਦੇਵ ਜੀ ਹਿੰਦ ਘਰਾਨੇ ਵਿਚ ਪੈਦਾ ਹੋਏ, ਜਿਹਾ ਕਿ:—

ਤਿਨ ਬੇਦੀਅਨ ਕੀ ਕੁਲ ਬਿਖੇ, ਪ੍ਰਗਟੇ ਨਾਨਕ ਰਾਇ ।

ਪਰ ਗੁਰੂ ਨਾਨਕ ਦੇਵ ਜੀ ਨੇ ਆਪਣੀ ਕੌਮ ਤੇ ਦੇਸ਼ ਦੇ ਲੋਕਾਂ ਦੀ ਨਿਘਰੀ ਹਾਲਤ ਨੂੰ ਵੇਖਕੇ ਇਕ ਵਖਰਾ ਰਾਹ ਅਪਣਾਨ ਦਾ ਪ੍ਰਚਾਰ ਕੀਤਾ। ਲਕੀਰ ਦੀ ਫਕੀਰੀ ਕਰਨਾ ਸਾਧਾਰਨ ਮਨੁਖ ਦਾ ਕਰਮ ਹੈ, ਪਰ ਕੌਮੀ ਬੁਰਾਈਆਂ ਨੂੰ ਸੁਧਾਰਨਾ ਮਹਾਨ ਆਤਮਾਵਾਂ ਦਾ ਕੰਮ ਹੈ ਗੁਰੂ ਨਾਨਕ ਦੇ ਸਮੇਂ ਭਾਰਤੀ ਸਮਾਜ ਆਪਣੀ ਅਸਲੀਅਤ ਨੂੰ ਖੋਹ ਬੈਠਾ ਸੀ । ਆਪਣੀ ਬੋਲੀ, ਪਹਿਰਾਵਾ, ਖਾਣ ਪੀਣ ਰਹਿਣ ਬਹਿਣ ਆਦਿ ਸਭ ਕੁਝ ਮੁਸਲਮਾਨੀ ਮਤ ਅਨੁਸਾਰ ਬਣ ਚੁਕਾ ਸੀ, ਜਿਸ ਦਾ ਵਰਨਣ ਗੁਰੂ ਸਾਹਿਬ ਨੇ ਬਾਣੀ ਵਿਚ ਕੀਤਾ:—

੧ : ਘਰ ਘਰ ਮੀਆ, ਸਭਨਾ ਜੀਆ ਬੋਲੀ ਅਵਰ ਤੁਮਾਰੀ ।
੨ : ਨੀਲ ਬਸਤ੍ਰ ਲੈ ਕਪੜੇ ਪਹਿਰੇ,
ਤੁਰਕ ਪਠਾਣੀ ਅਮਲ ਕੀਆ ।

ਰਾਜਸੀ ਦਬਾਅ ਦਾ ਬੜਾ ਭਾਰੀ ਅਸਰ ਹੁੰਦਾ ਹੈ। ਹਿੰਦੀ ਸਮਾਜ ਇਕ ਪਾਸੇ ਤਾਂ ਮੁਸਲ-ਮਾਨੀ ਦਬਾਅ ਥਲੇ ਦਬਿਆ ਪਿਆ ਸੀ ਤੇ ਦੂਜੇ ਪਾਸੇ ਫੋਕੀਆਂ ਰਸਮਾਂ ਰੀਤਾਂ ਤੇ ਪਾਖੰਡ ਵਿੱਚ ਫਸਿਆ ਪਿਆ ਸੀ । ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਦੋਵਾਂ ਗਲਾਂ ਦਾ ਖੰਡਨ ਕੀਤਾ । ਜਿਥੇ ਮੁਸਲਮਾਨਾਂ ਤੇ ਮੁਗਲਾਂ ਦੇ ਜ਼ੁਲਮ ਦੇ ਵਿਰੁਧ ਆਵਾਜ਼ ਉਥਾਈ ਉਥੇ ਹਿੰਦੂ ਸਨਾਤਨ ਧਰਮ ਦੀਆਂ ਬੋਦੀਆਂ ਰਹੁ ਰੀਤੀਆਂ ਦੀ ਵੀ ਨਿਖੇਧੀ ਕੀਤੀ । ਗੁਰੂ ਨਾਨਕ ਦੇਵ ਜੀ ਨੇ ਜੰਞੂ, ਜਿਹੜਾ ਹਿੰਦੂ ਧਰਮ ਵਿੱਚ ਪ੍ਰਵੇਸ਼ ਕਰਨ ਦਾ ਸੂਚਕ ਹੈ, ਪਾਉਣ ਤੋਂ ਇਨਕਾਰ ਕਰ ਦਿੱਤਾ ਤੇ ਹੋਰ ਹਿੰਦੂ



www.AKJ.Org

ਰਹੁ ਰੀਤੀਆਂ ਨੂੰ ਵੀ ਨਹੀਂ ਸੀ ਅਪਣਾਇਆ। ਇਸ ਤੋਂ ਇਹ ਗਲ ਸਿੱਧ ਹੈ ਕਿ ਗੁਰੂ ਨਾਨਕ ਸਾਹਿਬ ਨੇ ਇਕ ਵਖਰਾ ਤੇ ਨਰੋਇਆ ਸਮਾਜ ਬਣਾਉਣ ਦੀ ਵਿਧੀ ਸੋਚੀ ਹੋਈ ਸੀ। ਉਨ੍ਹਾਂ ਨੇ ਹਿੰਦੂ ਸਨਾਤਨ ਦੇ ਵਡੇ ਦਾਇਰੇ ਵਿੱਚ ਇਕ ਨਵਾਂ ਦਾਇਆ ਬਣਾਇਆ। ਗੁਰੂ ਨਾਨਕ ਦੇਵ ਜੀ ਦੀ ਸਿਖੀ ਦਾ ਵਖਰਾ ਦਾਇਰਾ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਬਹੁਤ ਵਡਾਹੋ ਚੁਕਾ ਸੀ ਪਰ ਕੋਈ ਵਿਸ਼ੇਸ਼ ਸਰੂਪ ਨਹੀਂ ਸੀ ਦਿੱਤਾ ਗਿਆ। ਔਕੜ ਪੈਣ ਤੇ ਉਹ ਸਿਖੀ ਤੋਂ ਮੁਨਕਰ ਹੋ ਜਾਂਦੇ ਸਨ। ਗੁਰੂ ਗੋਬਿੰਦ ਸਿੰਘ ਜੀ ਨੂੰ ਭਾਰਤੀ ਦਰਸ਼ਨ ਤੇ ਧਾਰਮਿਕ ਰਹੁ ਰੀਤੀ ਦਾ ਪੂਰਨ ਗਿਆਨ ਸੀ ਕਿ ਹਿੰਦੂ ਸਨਾਤਨ ਧਰਮ ਸਭਾ ਕਾਸੇ ਨੂੰ ਹਜ਼ਮ ਕਰਜਾਂਦਾ ਹੈ। ਸਨਾਤਨ ਧਰਮ ਬੁਧ ਮਤ ਤੇ ਜੈਨ ਮਤ ਨੂੰ ਹਜ਼ਮ ਕਰ ਚੁਕਾ ਸੀ। ਉਨ੍ਹਾਂ ਨੇ ਗੁਰੂ ਨਾਨਕ ਦੇ ਚਲਾਏ ਵਖਰੇ ਦਾਇਰੇ ਨੂੰ ਸਫਲ ਬਣਾਉਣ ਲਈ ਇਕ ਵਿਸ਼ੇਸ਼ ਸਰੂਪ ਦੀ ਸਿਰਜਨਾਂ ਕੀਤੀ ਤਾਂ ਕਿ ਗੁਰੂ ਨਾਨਕ ਦੀ ਮਹਾਨ ਬਾਣੀ ਬ੍ਰਾਹਮਣ ਮਤ ਦਾ ਭਾਗ ਨਾ ਬਣ ਸਕੇ। ਇਸ ਵਿਸ਼ੇਸ਼ਤਾ ਦਾ ਸੂਚਕ ਬਣਿਆ ਖਾਲਸਾ, ਜਿਹੜਾ ਆਦਰਸ਼ਕ ਮਨੁਖ ਹੋਣ ਦੇ ਨਾਤੇ ਦੇਸ਼ ਤੇ ਕੌਮ ਦੀ ਸੇਵਾ ਲਈ ਹਮੇਸ਼ਾ ਅਗਲੀ ਕਤਾਰ ਵਿੱਚ ਹੀ ਰਿਹਾ।

ਗੁਰੂ ਗੋਬਿੰਦ ਸਿੰਘ ਜੀ ਸ਼ਕਤੀ ਦੇ ਉਪਾਸ਼ਕ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਅਕਾਲ ਪੁਰਖ ਦੀ ਮਹਾਨ ਸ਼ਕਤੀ ਹੀ ਇਕ ਅਦੁਤੀ ਸੋਮਾਂ ਹੈ, ਜਿਸ ਦੇ ਨਲ ਨਾਲ ਦੁਸ਼ਟਾਂ ਦਾ ਨਾਸ਼ ਕੀਤਾ ਜਾ ਸਕਦਾ ਹੈ। ਚੰਡੀ ਦੀ ਵਾਰ ਵਿਚ ਉਹ ਇਸ ਸ਼ਕਤੀ ਦੀ ਉਪਮਾ ਇਸ ਤਰ੍ਹਾਂ ਕਰਦੇ ਹਨ:—

ਤੈਥੋਂ ਹੀ ਬਲ ਰਾਮ ਲੈ ਨਾਲ ਬਾਣਾਦਹਿ ਸਿਰ ਘਾਇਆ।
ਤੈਥੋਂ ਹੀ ਬਲ ਕ੍ਰਿਸ਼ਨ ਲੈ, ਕੇਸੁ ਕੰਸੀ ਪਕੜਿ ਗਿਰਾਇਆ।
ਬਡੇ ਬਡੇ ਮੁਨਿ ਦੇਵਤੇ, ਕਈ ਜੁਗ ਤਿਨੀ ਤਨੁ ਤਾਇਆ
ਕਿਨੀ ਤੇਰਾ ਅੰਤ ਨਾ ਪਾਇਆ।

ਇਸ ਅਗੰਮੀ ਦੇ ਅਥਾਹ ਖਜ਼ਾਨਿਆਂ ਵਿਚੋਂ ਸ਼ਕਤੀ ਲੈਣ ਵਾਲੇ ਆਦਰਸ਼ਕ ਮਨੁਖ ਦੀ ਲੋੜ ਸੀ ਜਿਹੜਾ ਦੁਸ਼ਟਾਂ ਤੇ ਪਾਪੀਆਂ ਨੂੰ ਡੰਨ ਦੇਕੇ ਸੰਸਾਰ ਵਿਚ ਸਚਾਈ। ਤੇ ਹਕ ਦਾ ਪ੍ਰਚਮ ਲਹਿਰਾਏ। ਖ਼ਾਲਸਾ ਇਸ ਅਤਿ ਲੋੜੀਂਦੀ ਸ਼ਕਤੀ ਪ੍ਰਾਪਤੀ ਦਾ ਮਧਿਆਮ ਬਣਿਆ ਤੇ ਉਸ ਸ਼ਕਤੀ ਨੇ ਭਾਰਤ ਨੂੰ ਮੁਸਲਮਾਨੀ ਜ਼ੁਲਮੀ ਰਾਜ ਤੋਂ ਮੁਕਤੀ ਪ੍ਰਾਪਤ ਕਰਨ ਲਈ ਪੂਰਾ ੨ ਬਲ ਦਿਤਾ।

ਗੁਰੂ ਗੋਬਿੰਦ ਸਿੰਘ ਦੇ ਆਦਰਸ਼ਕ ਮਨੁਖ ਦੀ ਕਲਪਨਾ ਦਾ ਇਕ ਹੋਰ ਵਡਾ ਕਾਰਨ ਅਣਖੀਲਾ ਯੋਧਾ ਪੈਦਾ ਕਰਨਾ ਸੀ। ਇਕੇਰਾਂ ਗੁਰੂ ਸਾਹਿਬ ਨੇ ਇਕ ਸਾਹਿਤਕ ਗੋਸ਼ਟੀ ਕਰਵਾਈ ਤੇ ਹੁਕਮ ਕੀਤਾ ਕਿ ਬਹਾਦੁਰ ਮਨੁਖ ਦੀ ਤਸ਼ਰੀਹ ਕੀਤੀ ਜਾਏ। ਵਖੋ ਵਖ ਕਵੀਆਂ ਤੇ ਸਾਹਿਤ-ਕਾਰਾਂ ਨੇ ਆਪਣੇ ੨ ਢੰਗ ਨਾਲ ਬਹਾਦੁਰ ਯੋਧੇ ਦੀ ਤਸ਼ਰੀਹ ਕੀਤੀ। ਕਿਸੇ ਨੇ ਚੌੜੀ ਛਾਤੀ, ਕਿਸੇ ਨੇ ਲੰਮੀਆਂ ਮੁਛਾਂ ਤੇ ਕਿਸੇ ਨੇ ਡੌਲਿਆਂ ਦੀ ਸ਼ਕਤੀ ਨੂੰ ਬਹਾਦੁਰ ਯੋਧੇ ਲਈ ਜ਼ਰੂਰੀ ਦਸਿਆ, ਪਰ ਗੁਰੂ ਗੋਬਿੰਦ ਸਿੰਘ ਨੇ ਕਿਹਾ ਕਿ ਬਹਾਦੁਰ ਉਹ ਇਹ ਹੈ ਜਿਸ ਵਿਚ 'ਅਣੱਖ' ਹੈ। ਜਿਸ ਵਿਚ ਗੈਰਤ ਨਹੀਂ। ਉਸ ਦੀ ਚੌੜੀ ਛਾਤੀ ਤੇ ਲੰਮੀਆਂ ਮੁਛਾਂ ਕਿਸੇ ਕੰਮ ਨਹੀਂ। ਭਾਰਤ ਵਿਚੋ ਅਣਖ


www.AKJ.Org

ਦਾ ਅਭਾਵ ਹੋ ਚੁਕਾ ਸੀ। ਹਿੰਦੂਆਂ ਦੀਆਂ ਲੜਕੀਆਂ ਮੁਸਲਮਾਨ ਚੁਕਕੇ ਲੈ ਜਾਂਦੇ ਸਨ, ਪਰ ਚੌੜੀਆਂ ਤੇ ਲੰਮੀਆਂ ਮੁਛਾਂ ਵਾਲੇ ਬਹਾਦਰ ਰੋ ਧੋ ਕੇ ਚੁਪ ਕਰ ਜਾਂਦੇ ਸਨ ਉਨ੍ਹਾਂ ਵਿਚੋਂ ਗੈਰਤ ਮੁਕ ਚੁਕੀ ਸੀ। ਗੁਰੂ ਸਾਹਿਬ ਨੇ ਇਕ ਅਜੇਹਾ ਆਦਰਸ਼ਕ ਮਨੁਖ ਸਾਜਿਆ, ਜਿਹੜਾ ਗੈਰਤ ਤੇ ਅਣਖ ਲਈ ਸਿਰ ਧੜ ਦੀ ਬਾਜ਼ੀ ਲਾਣ ਲਈ ਸਦਾ ਤਿਆਰ ਰਹੇ। ਇਕ ਅਜੇਹੇ ਆਦਰਸ਼ਕ ਮਨੁਖ ਬਣਾਨ ਦਾ ਪਰੋਗਰਾਮ ਬਣਾਇਆ ਜਿਹੜਾ ਅਣਖ ਤੇ ਇਜ਼ਤ ਦਾ ਰਾਖਾ ਹੋਵੇ। ਜਿਹੜਾ ਕਿਸੇ ਵਡੇ ਤੋਂ ਵਡੇ ਕਸ਼ਟ ਤੋਂ ਵੀ ਨਾ ਡਰੇ ਤੇ ਮੌਤ ਨੂੰ ਹਸ ਹਸ ਕੇ ਪ੍ਰਵਾਨ ਕਰੇ।

ਗੁਰੂ ਗੋਬਿੰਦ ਸਿੰਘ ਜੀ ਨੇ ਆਦਰਸ਼ਕ ਮਨੁਖ ਪੈਦਾ ਕਰਨ ਲਈ ਪਹਿਲੋਂ ਮੈਦਾਨ ਤਿਆਰ ਕੀਤਾ। ਹਿੰਦੂ ਪਹਾੜੀ ਰਾਜੇ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਲਈ ਇਕ ਚੈਲੰਜ ਸਮਝਦੇ ਸਨ ਤੇ ਉਨ੍ਹਾਂ ਨੇ ਗੁਰੂ ਸਾਹਿਬ ਨੂੰ ਵੰਗਾਰਿਆ। ਗੁਰੂ ਸਾਹਿਬ ਜੀ ਨੇ ਇਸ ਵੰਗਾਰ ਦਾ ਡਟਕੇ ਮੁਕਾਬਲਾ ਕੀਤਾ ਤੇ ਹਿੰਦੂ ਪਹਾੜੀ ਰਾਜਿਆਂ ਨੂੰ ਹਾਰ ਤੇ ਹਾਰ ਦੇਕੇ ਇਹ ਸਿਧ ਕੀਤਾ ਕਿ ਗੁਰੂ ਕੇਵਲ ਗੁਠੇ ਲਗ ਕੇ ਭਗਤੀ ਕਰਨ ਵਾਲਾ ਹੀ ਨਹੀਂ ਸਗੋਂ ਉਸ ਵਿਚ ਇਤਨੀ ਸ਼ਕਤੀ ਹੈ ਕਿ ਉਹ ਵੈਰੀਆਂ ਨੂੰ ਤਲਵਾਰ ਨਾਲ ਵੀ ਸੋਧ ਸਕਦਾ ਹੈ। ਹਿੰਦੂ ਰਾਜਿਆਂ ਦੀ ਇਸ ਦੁਰਦਸ਼ਾ ਨੂੰ ਆਮ ਲੋਕਾਂ ਦੇ ਦਿਲਾਂ ਤੇ ਗੁਰੂ ਘਰ ਦੀ ਸ਼ਕਤੀ ਦਾ ਸਿਕਾ ਬੈਠ ਗਿਆ ਸੀ ਹਿੰਦੂ ਰਾਜਿਆਂ ਨਾਲ ਸਾਰੀਆਂ ਲੜਾਈਆਂ ਖ਼ਾਲਸਾ ਸਾਜਨ ਤੋਂ ਪਹਿਲੋਂ ਹੀ ਹੋਈਆਂ। ਅਸਲ ਵਿਚ ਆਦਰਸ਼ਕ ਮਨੁਖ ਲਈ ਆਦਰਸ਼ਕ ਦਾ ਨਮੂਨਾ ਪਹਿਲੋਂ ਹੀ ਪੇਸ਼ ਕੀਤਾ ਗਿਆ। ਵਡੀ ਗਲ ਤਾਂ ਇਹ ਹੈ ਕਿ ਹਿੰਦੂ ਰਾਜਿਆਂ ਨਾਲ ਸਾਰੀਆਂ ਲੜਾਈਆਂ ਵਿਚ ਗੁਰੂ ਸਾਹਿਬ ਨੇ ਸਦਾ ਹੀ ਫਤਹ ਪਾਈ ਤੇ ਇਸ ਸਦੀਵੀ ਫ਼ਤਹਿ ਦੀ ਘੁਟੀ ਖਾਲਸੇ ਨੂੰ ਦਿਤੀ ਗਈ ਇਸ ਫ਼ਤਹਿ ਤੇ ਅਮਨ ਦੇ ਮਹੌਲ ਵਿਚ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਨ ੧੬੯੯ ਈਸਵੀ ਵਿਚ ਖਾਲਸਾ ਸਾਜਿਆ।

ਵਿਸਾਖੀ ਦਾ ਮੇਲਾ ਪੰਜਾਬੀਆਂ ਲਈ ਇਕ ਵਿਸ਼ਿਸ਼ਤਾ ਦਾ ਧਾਰਨੀ ਹੈ, ਜਦੋਂ ਪੰਜਾਬੀ ਜਟ ਫਸਲਾਂ ਕਟਕੇ ਖੁਸ਼ੀ ਮਨਾਉਂਦਾ। ਪਰ ੧੬੯੯ ਦੀ ਵਿਸਾਖੀ ਪੰਜਾਬ ਸਗੋਂ ਭਾਰਤ ਦੇ ਇਤਹਾਸ ਦੀ ਇਕ ਨਿਰਾਲੀ ਵਿਸਾਖੀ ਸੀ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਆਦਰਸ਼ਕ ਮਨੁਖ ਸਾਜਿਆ। ਸਿਖੀ ਵਿਚ ਹਰ ਇਕ ਗਲ ਗਜ ਵਜ ਕੇ ਕਹੀ ਗਈ ਹੈ। ਗੁਰੂ ਨਾਨਕ ਸਾਹਿਬ ਨੇ ਵੀ ਗਜ ਵਜ ਕੇ ਪ੍ਰਚਾਰ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਖਾਲਸਾ ਸਾਜਨ ਲਈ ਕੋਈ ਅੰਦਰ-ਖਾਨੇ ਗਲ ਨਹੀਂ ਕੀਤੀ, ਸਗੋਂ ਵਿਸਾਖੀ ਦੇ ਮੇਲੇ ਤੇ ਇਕਠੇ ਹੋਏ ਹਜ਼ਾਰਾਂ ਲੋਕਾਂ ਦੇ ਸਾਹਮਣੇ ਖੜੇ ਹੋਕੇ ਤਲਵਾਰ ਹਥ ਵਿਚ ਫੜ ਕੇ ਇਕ ਸਿਰ ਦੀ ਮੰਗ ਕੀਤੀ। ਇਹ ਮੰਗ ਨਿਰਾਲੀ ਸੀ। ਇਸ ਤੋਂ ਪਹਿਲੋਂ ਕਦੀ ਇਹੋ ਜਿਹੀ ਮੰਗ ਨਹੀਂ ਸੀ ਕੀਤੀ ਗਈ। ਬੜਾ ਅਦਭੁਤ ਨਜ਼ਾਰਾ ਸੀ। ਇਸ ਨਵੀਂ ਮੰਗ ਨੂੰ ਸੁਣ ਕੇ ਚੁਪ ਵਰਤ ਗਈ। ਜਦੋਂ ਪਹਿਲੀ ਲਲਕਾਰ ਤੇ ਕੋਈ ਵੀ ਸਿਰ ਦੇਣ ਲਈ ਤਿਆਰ ਨਾ ਹੋਦਿਆ ਤਾਂ ਗੁਰੂ ਸਾਹਿਬ ਨੇ ਦੂਜੀ ਲਲਕਾਰ ਪਾਈ ਪਰ ਲੋਕ



www.AKJ.Org

ਬੁਤ ਬਣੇ ਬੈਠੇ ਰਹੇ। ਆਖਰ ਤੀਜੀ ਲਲਕਾਰ ਤੇ ਭਾਈ ਦਯਾ ਰਾਮ ਜੀ ਨੇ ਆਪਣੇ ਆਪ ਨੂੰ ਪੇਸ਼ ਕੀਤਾ। ਗੁਰੂ ਸਾਹਿਬ ਉਸ ਨੂੰ ਖ਼ੇਮੇ ਵਿਚ ਲੈ ਗਏ ਤੇ ਲਹੂ ਰੰਗੀ ਤਲਵਾਰ ਨੂੰ ਹਥ ਵਿਚ ਲੈ ਕੇ ਬਾਹਰ ਆਏ, ਫਿਰ ਸਿਰ ਦੀ ਮੰਗ ਕੀਤੀ ਤਾਂ ਭਾਈ ਧਰਮ ਸਿੰਘ ਜੀ ਪੇਸ਼ ਹੋਏ। ਗੁਰੂ ਸਾਹਿਬ ਨੇ ਪੰਜ ਸਿਰ ਮੰਗੇ ਤੇ ਪੰਜਾਂ ਸਿਖਾਂ ਨੇ ਸਿਰ ਦੇ ਕੇ ਸਿਖੀ ਨੂੰ ਉਜਾਗਰ ਕੀਤਾ। ਇਸ ਤਰ੍ਹਾਂ ਆਦਰਸ਼ਕ ਮਨੁਖ ਦਾ ਜਨਮ ਤਲਵਾਰ ਦੀ ਧਾਰ ਵਿਚੋਂ ਹੋਇਆ। ਗੁਰੂ ਸਾਹਿਬ ਨੇ ਪੰਜਾਂ ਸਿਖਾਂ ਨੂੰ ਅੰਮ੍ਰਿਤ ਪਿਲਾ ਕੇ, ਫਿਰ ਉਨ੍ਹਾਂ ਤੋਂ ਆਪ ਅੰਮ੍ਰਿਤ ਛਕਿਆ ਤੇ ਆਦਰਸ਼ਕ ਮਨੁਖ ਨੂੰ ਵਡਿਆਈ ਦਿਤੀ। ਗੁਰੂ ਗੋਬਿੰਦ ਸਿੰਘ ਜੀ ਦਾ ਇਸ ਅਦਰਸ਼ਕ ਮਨੁਖ ਨਾਲ ਡੂੰਘਾ ਪਿਆਰ, ਮਾਨ ਤੇ ਸਤਿਕਾਰ ਉਨ੍ਹਾਂ ਦੇ ਖਾਲਸੇ ਬਾਰੇ ਹੇਠਾਂ ਦਿਤੇ ਸ਼ਬਦ ਵਿਚੋਂ ਡੁਲ੍ਹ ਡੁਲ੍ਹ ਪੈਂਦਾ ਹੈ। ਇਹ ਸ਼ਬਦ ਸਰਬ ਲੋਹ ਗ੍ਰੰਥ ਵਿਚੋਂ ਲਏ ਹਨ:—

ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮਹਿ ਹੌ ਕਰੋ ਨਿਵਾਸ।
ਖਾਲਸਾ ਮੇਰੋ ਮੁਖ ਹੈ ਅੰਗਾ।
ਖਾਲਸੇ ਕੇ ਹੌਂ ਸਦ ਸਦ ਸੰਗਾ।
ਖਾਲਸਾ ਮੇਰੋ ਇਸ਼ਟ ਸੁਹਿਰਦ।
ਖਾਲਸਾ ਮੇਰੋ ਕਹੀਅਤ ਬਿਰਦ।
ਖਾਲਸਾ ਮੇਰੋ ਪਛ ਅਰ ਪਾਤਾ।
ਖਾਲਸਾ ਮੇਰੋ ਸੁਖ ਅਹਿਲਾਦਾ।
ਖਾਲਸਾ ਮੇਰੋ ਮਿੱਤਰ ਸਖਾਈ।
ਖਾਲਸਾ ਮਾਤ ਪਿਤਾ ਸੁਖਦਾਈ।
ਖਾਲਸਾ ਮੇਰੀ ਸੋਭਾ ਸ਼ੀਲਾ।
ਖਾਲਸਾ ਬੰਧ ਸਖਾ ਸਦ ਡੀਲਾ।
ਖਾਲਸਾ ਮੇਰੀ ਜਾਤ ਅਰ ਪਤ।
ਖਾਲਸਾ ਸੋ ਮਾ ਕੋ ਉਤਪਤ।
ਖਾਲਸਾ ਮੇਰੋ ਭਵਨ ਭੰਡਾਰਾ।
ਖਾਲਸੇ ਕਰ ਮੇਰੋ ਸਤਕਾਰਾ।

ਫਿਰ:—

ਰੋਮ ਰੋਮ ਜੇ ਰਸਨਾ ਪਾਊਂ।
ਤਦਪ ਖਾਲਸਾ ਜਸ ਤਹਿ ਗਾਊਂ।
ਹੌ ਖਾਲਸੇ ਕੋ ਖਾਲਸਾ ਮੇਰੋ।
ਓਤ ਪੋਤਿ ਸਾਗਰ ਬੂੰਦੇਰੋ।

ਗੁਰੂ ਸਾਹਿਬ ਦੇ ਹਜ਼ੂਰੀ ਕਵੀ ਭਾਈ ਨੰਦ ਲਾਲ ਸਿੰਘ ਜੀ ਦੀ ਚੌਪਈ ਇਸ ਆਦਰਸ਼ਕ ਮਨੁਖ ਦੀਆਂ ਸਿਫਤਾਂ ਦਾ ਵਰਨਣ ਇਸ ਤਰ੍ਹਾਂ ਕਰਦੀ ਹੈ:—

ਖਾਲਸਾ ਸੋਇ ਜੋ ਨਿੰਦਾ ਤਿਆਗੇ।
ਖਾਲਸਾ ਸੋਇ ਲੜੇ ਹ੍ਵੈ ਆਗੇ।
ਖਾਲਸਾ ਸੋਈ ਪਰਦ੍ਰਿਸ਼ਟ ਤਿਆਗੇ।
ਖਾਲਸਾ ਸੋਇ ਨਾਮ ਰਤਿ ਲਾਗੇ।
ਖਾਲਸਾ ਸੋਇ ਗੁਰੂ ਹਿਤ ਲਾਵੇ।
ਖਾਲਸਾ ਸੋਇ ਸਾਰ ਮੁਹਿ ਖਾਵੈ।
ਖਾਲਸਾ ਸੋ ਨਿਰਧਨ ਕੋ ਪਾਲੈ।
ਖਾਲਸਾ ਸੋਇ ਦੁਸ਼ਟ ਕਉ ਗਾਲੈ।
ਖਾਲਸਾ ਸੋਇ ਜੋ ਚੜ੍ਹੈ ਤੁਰੰਗ।
ਖਾਲਸਾ ਸੋਇ ਕਰੈ ਨਿਤ ਜੰਗ।

(ਚਲਦਾ)

**ਜ਼ਰੂਰੀ ਬੇਨਤੀ:-** ਜਿਨ੍ਹਾਂ ਸਜਣਾਂ ਨੇ 'ਸੂਰਾ' ਦੇ ਨਾਂ ਮਾਇਆ ਭੇਜਣੀ ਹੋਵੇ, ਜ਼ਾਤੀ ਨਾਂ ਤੇ ਨਾ ਭੇਜਣ, ਸਗੋਂ ਮੈਨੇਜਰ ਸੂਰਾ ਦੇ ਨਾਂ ਤੇ ਭੇਜੀ ਜਾਵੇ।


www.AKJ.Org




( ਇਕ ਗੁਰਮਤਿ ਖੋਜੀ ਵਲੋਂ )

ਪਾਠਕਾਂ ਪ੍ਰਤੀ ਬੇਨਤੀ ਕੀਤੀ ਜਾਂਦੀ ਹੈ ਕਿ 'ਗੁਰਮਤਿ ਦੇ ਝਰੋਖੇ ਤੋਂ' ਨਾਲ ਸਬੰਧਤ ਜੋ ਸਵਾਲ ਪੁਛੇ ਜਾਂਦੇ ਹਨ, ਉਹ ਸੰਖੇਪ, ਸੁਧ ਬੋਲੀ ਵਿਚ ਹੋਣੇ ਚਾਹੀਦੇ ਹਨ । ਨਾਲ ਹੀ ਕੇਵਲ 'ਗੁਰਮਤਿ' ਨਾਲ ਸਬੰਧਤ ਹੋਣ ਤਾਂ ਹੀ ਉਤਰ ਦਿਤੇ ਜਾ ਸਕਣਗੇ । ਡੂੰਘੀ ਖੋਜ ਨਾਲ ਸਬੰਧਤ ਪ੍ਰਸ਼ਨ ਦੇ ਉਤਰ ਲਈ ਕੁਝ ਚਿਰ ਉਡੀਕ ਕਰਨੀ ਪਵੇਗੀ । ਸਵਾਲ ੧੦ ਤ੍ਰੀਕ ਤਕ ਪੁਜਣੇ ਜ਼ਰੂਰੀ ਹਨ । —ਮੈਨੇਜਰ

ਪ੍ਰਸ਼ਨ ਪਹਿਲਾ—ਗੁਰਮਤਿ ਵਿਚ ਮਾਸ ਖਾਣ ਦੀ ਪੱਕੀ ਮਨਾਹੀ ਹੈ, ਕਿਉਂਕਿ ਗੁਰਬਾਣੀ ਵਿਚ 'ਜੀਅ ਦਇਆ' ਪਰਵਾਨ ਹੈ ਅਤੇ ਜੀਵਾਂ ਨੂੰ ਦੁਖ ਦੇਣ ਨਾਲ ਜੀਅ ਦਇਆ ਨਹੀਂ ਪਾਲੀ ਜਾ ਸਕਦੀ । ਪਰ ਜੀਵਾਂ ਦਾ ਦੁੱਧ ਪੀਣ ਦੀ ਗੁਰਬਾਣੀ ਵਿਚ ਕਿਤੇ ਮਨਾਹੀ ਨਹੀਂ, ਅਤੇ ਇਸ ਨੂੰ ਸਭ ਪੀਰ, ਅਵਤਾਰ ਪੀਂਦੇ ਰਹੇ ਹਨ । ਦਾਸ ਦੇ ਖਿਆਲ ਵਿਚ ਇਉਂ ਜੀਅ-ਦਇਆ ਭੰਗ ਨਹੀਂ ਹੁੰਦੀ । ਜਿਵੇਂ ਮਾਤਾ ਦਾ ਦੁੱਧ ਬਾਲਕ ਲਈ ਹੈ, ਤਿਵੇਂ ਜਾਨਵਰਾਂ ਦਾ ਦੁੱਧ ਉਨਾਂ ਦੇ ਬਚਿਆਂ ਲਈ ਹੈ । ਕੀ ਇਹ ਪਰਾਇਆ ਹੱਕ ਖਾਣਾ ਨਹੀਂ ।

ਜੁਆਬ—ਗੁਰਬਾਣੀ ਅੰਦਰ, ਉਸ ਮਨੁਖ ਨੂੰ ਉੱਚਾ ਮੰਨਿਆ ਗਿਆ ਹੈ, ਜਿਸਦੀ ਸੁਰਤੀ ਅੰਮ੍ਰਿਤ ਰੂਪੀ ਨਾਮ ਸਰੋਵਰ ਵਿਚ ਚੁਭੇ ਲਾਉਂਦੀ ਹੈ । ਮੇਰੇ ਖਿਆਲ ਵਿਚ ਮਾਸ ਖਾਣ ਦੀ ਮਨਾਹੀ 'ਜੀਅ ਦਇਆ' ਕਰਕੇ ਨਹੀਂ—ਜਿਨੀਂ ਸੁਰਤੀ ਤੇ ਨਾਮ ਤੇ ਸੰਬੰਧ ਨੂੰ ਜੋੜਨ ਦੀ ਰੁਕਾਵਟ ਵਜੋਂ ਹੈ । ਗੁਰਬਾਣੀ ਨੂੰ ਖੋਜਿਆ ਅਤੇ ਭਾਈ ਸਾਹਿਬ ਦੀਆਂ ਪੁਸਤਕਾਂ ਪੜ੍ਹਿਆਂ ਇਹ ਪਤਾ ਲਗਦਾ ਹੈ ਕਿ ਮਾਸਾਹਾਰੀ ਦੀ ਸੁਰਤੀ ਕਦੀ ਵੀ ਏਨੀ ਉਚੀ ਨਹੀਂ ਜਾ ਸਕਦੀ—ਕਿ ਦਸਮ ਦੁਆਰ ਦੇ ਖੁਲਣ ਰਾਹੀਂ ਅਕਾਲ ਪੁਰਖ ਵਾਹਿਗੁਰੂ ਦੇ ਪ੍ਰਤਖ ਦਰਸ਼ਨ ਆਪਣੇ ਹਿਰਦੇ ਅੰਦਰ ਹੀ ਹੋ ਸਕਣ । ਦੂਸਰੀ ਗਲ, ਅਸੀਂ ਦੁੱਧ ਪੀਣ ਨੂੰ ਪਰਾਇਆ ਹੱਕ ਖਾਣਾ ਬਰਾਬਰ ਤੁਲਨਾਂ ਨਹੀਂ ਦੇ ਸਕਦੇ—ਕਿਉਂਕਿ ਅਸੀਂ ਜਾਨਵਰਾਂ ਦੀ ਸੇਵਾ ਸੰਭਾਲ ਕਰਦੇ, ਝਖੜ ਹਨੇਰੀ ਤੋਂ ਬਚਾਉਂਦੇ ਹਾਂ । ਉਨ੍ਹਾਂ ਦੇ ਦੁੱਧ ਦਾ ਕੁਝ ਹਿੱਸਾ ਆਪ ਪੀਂਦੇ ਹਾਂ, ਕੁਝ ਉਨਾਂ ਦੇ ਬਚਿਆਂ ਨੂੰ ਪਿਲਾਉਂਦੇ ਹਾਂ । ਜਿਹੜਾ



www.AKJ.Org

ਹਿੱਸਾ ਉਨ੍ਹਾਂ ਦੇ ਬਚਿਆਂ ਦਾ ਪੀਂਦੇ ਹਾਂ, ਉਸ ਦੁੱਧ ਦੀ ਥਾਵੇਂ ਹੋਰ ਕਈ ਤਰਾਂ ਦੇ ਪਦਾਰਥ ਉਨ੍ਹਾਂ ਨੂੰ ਖੁਆਉਂਦੇ ਹਾਂ। ਫਿਰ ਜੋ ਉਨਾਂ ਦਾ ਦੁੱਧ, ਅਸੀਂ ਅਤੇ ਸਾਡੇ ਬੱਚੇ ਪੀਂਦੇ ਹਨ, ਉਸ ਦੀ ਦਿਤੀ ਸ਼ਕਤੀ ਨਾਲ ਦੇਹੀ ਪਾਲ ਕੇ ਅਸੀਂ ਪਸ਼ੂਆਂ ਦੀ, ਮਨੁਖਤਾ ਦੀ ਸੇਵਾ ਕਰਦੇ ਹਾਂ, ਨਾਮ ਜਪਦੇ, ਹਾਂ ਬਾਣੀ ਪੜ੍ਹਦੇ ਹਾਂ, ਕੀਰਤਨ ਕਰਦੇ ਹਾਂ, ਸੰਸਾਰ ਦੇ ਸੁਖ ਲਈ ਕਈ ਕਾਢਾਂ ਕਢਦੇ ਹਾਂ। ਫਿਰ ਬਾਕੀ ਦੁਨੀਆਂ ਦੇ ਨਾਲ, ਬਿਬੇਕੀ ਭਗਤ ਜਨ ਤਾਂ ਹੋਰ ਵੀ ਪਰਉਪਕਾਰ ਕਰਦੇ ਹਨ, ਜੋ ਮਨ, ਬਚਨ, ਧਰਮ ਕਰਕੇ, ਗੁਰੂ ਕੇ ਬਣਕੇ ਇਨ੍ਹਾਂ ਪਸ਼ੂਆਂ ਦੇ ਦੁੱਧ ਆਦਿ ਨੂੰ ਵੀ ਪਵਿਤਰ ਕਰਦੇ ਹਨ। ਕਿਉਂਕਿ ਖਾਧਾ ਪੀਤਾ ਤਾਂ ਅਸਲ ਵਿਚ ਭਗਤ-ਜਨਾਂ ਦਾ, ਬਿਬੇਕ ਬੁਧੀ ਵਾਲਿਆਂ ਦਾ ਹੀ ਸਫਲ ਹੈ, ਕਿਉਂਕਿ ਉਹ ਹਰੀ ਨਾਮ ਵਿਚ ਰਤੇ ਹੁੰਦੇ ਹਨ ਜਾਂ ਰਤੇ ਜਾਣਾ ਲੋਚਦੇ ਹਨ।

ਪ੍ਰਸ਼ਨ ਦੂਜਾ—ਦਸਾਂ ਹੀ ਗੁਰੂਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ 'ਸ੍ਰੀ' ਪਦ ਵਰਤਿਆ ਗਿਆ ਹੈ। ਪਰ ਅਸੀਂ ਸਿਖਾਂ ਲਈ 'ਸਰਦਾਰ' ਸ਼ਬਦ ਵਰਤਦੇ ਹਾਂ, ਜਦ ਕਿ ਹੋਰ ਸਾਡੇ ਗੁਆਂਢੀ ਧਰਮ ਸਭ ਅਵਤਾਰਾਂ ਅਤੇ ਮਨੁਖਾਂ ਲਈ 'ਸ੍ਰੀ' ਪਦ ਵਰਤਦੇ ਹਨ। ਕਿਰਪਾ ਕਰਕੇ ਇਸ ਦਾ ਨਿਖੇੜ ਕਰੋ ਕਿ 'ਸ੍ਰੀ' ਅਤੇ ਸਰਦਾਰ 'ਪਦ' ਵਿਚ ਕੀ ਅੰਤਰ ਹੈ ?

(ਭਾਈ ਮਾਲਿਕ ਸਿੰਘ ਕਾਨਪੁਰ)

ਜੁਆਬ—ਮੇਰੇ ਵਿਚਾਰ ਵਿਚ ਗੁਰੂ ਨਾਨਕ ਸਾਹਿਬ ਵੇਲੇ ਤੋਂ ਲੈਕੇ ਮ: ਰਣਜੀਤ ਸਿੰਘ ਦੇ ਰਾਜ ਤੋਂ ਪਹਿਲਾਂ ਤਕ ਹਰ ਸਿਖ ਲਈ 'ਭਾਈ' ਜਾਂ 'ਬਾਬਾ' ਪਦ ਵਰਤਿਆ ਜਾਂਦਾ ਸੀ। ਬਹੁਤੇ ਸਤਿਕਾਰ ਕਰ ਕੇ ਅਸੀਂ ਗੁਰੂ ਗੁਰੂ ਘਰ ਦੇ ਖਾਸ ਜੀਵਨ ਵਾਲੇ ਸਿੱਖਾਂ ਨੂੰ ਭਾਈ ਸਾਹਿਬ ਜਾਂ ਬਾਬਾ ਜੀ ਹੁਣ ਤਕ ਕਹਿੰਦੇ ਹਾਂ। ਜਿਵੇਂ ਭਾਈ ਸਾਹਿਬ ਭਾਈ ਗੁਰਦਾਸ, ਭਾਈ ਮਨੀ ਸਿੰਘ, ਬਾਬਾ ਬੁਢਾ ਜੀ, ਬਾਬਾ ਮੰਝ ਜੀ। ਕੇਵਲ ਗੁਰੂ ਸਾਹਿਬਾਨ ਲਈ 'ਸ੍ਰੀ' ਪਦ ਬਹੁਤੇ ਸਤਿਕਾਰ ਵਜੋਂ ਵਰਤਿਆ ਜਾਂਦਾ ਹੈ। ਸਿੱਖਾਂ ਲਈ 'ਸਰਦਾਰ' ਪਦ ਬਹੁਤਾ ਸਿੱਖ ਰਾਜ ਵੇਲੇ ਤੋਂ ਪ੍ਰਚਲਤ ਹੋਇਆ ਜਦੋਂ ਸਿਖ ਦਾਹੜੇ ਬੰਨਣ ਲਗ ਗਏ। ਬਾਹਰਲੇ ਹਾਕਮਾਂ ਨੇ ਵੀ ਆਪਣੀ ਸਭਿਅਤਾ ਦੇ ਅਸਰ ਨਾਲ ਸਾਨੂੰ ਸਰਦਾਰ ਬਣਾ ਦਿਤਾ। ਉਂਜ 'ਸਰਦਾਰੀ' ਸਾਬਤ ਸੂਰਤ ਕੇਸ਼ ਦਾਹੜੇ ਅਤੇ ਦਸਤਾਰੇ ਨਾਲ ਹੀ ਹੈ। ਦੂਸਰੇ ਮਤਾਂ ਵਾਲੇ ਤਦੇ ਹੀ ਆਮ 'ਸ੍ਰੀ' ਪਦ ਵਰਤਦੇ ਹਨ। ਭਾਵੇਂ ਕਿਸੇ ਗੁਰਸਿਖ ਨੂੰ ਵੀ ਸਤਿਕਾਰ ਵਜੋਂ 'ਸ੍ਰੀ ਮਾਨ' ਪਦ ਨਾਲ ਬੁਲਾਉਣਾ ਮਾੜਾ ਨਹੀਂ: ਪਰ ਮੇਰੀ ਸਮਝ ਵਿਚ ਧਾਰਮਿਕ ਜੀਵਨ ਵਾਲੇ ਗੁਰਸਿਖ ਲਈ ਭਾਈ ਸਾਹਿਬ ਪਦ ਹੀ ਸ਼ੋਭਦਾ ਹੈ ਸੰਸਾਰਕ ਵਡਿਆਈ ਵਾਲੇ ਵਿਅਕਤੀ ਸਿਖ ਲਈ 'ਸਰਦਾਰ' ਪਦ ਸੋਹਣਾ ਲਗਦਾ ਹੈ। ਉਂਜ ਕਿਸੇ ਜੀਵਨ ਵਾਲੇ ਸਿੱਖ ਦੇ ਨਾਮ ਤੋਂ ਪਹਿਲਾਂ "ਸ੍ਰੀ ਮਾਨ ਭਾਈ ਸਾਹਿਬ" ਆਦਿ ਪਦ ਕੇਵਲ ਸਿੱਖਾਂ ਲਈ ਹੀ ਬਹੁਤਾ ਜੱਚਦਾ ਹੈ, ਕਿਉਂਕਿ ਸ੍ਰੀ ਦਸ਼ਮੇਸ਼ ਜੀ ਨੇ 'ਸਾਬਤ ਸੂਰਤ ਦਸਤਾਰ ਸਿਰਾ' ਭਾਵ ਪੂਰੀ ਸਿਰੀ ਵਾਲਾ ਸਰੂਪ ਕੇਵਲ ਆਪਣੇ ਖਾਲਸੇ ਨੂੰ ਹੀ ਬਖਸ਼ਿਆ ਹੈ।

ਤੀਜਾ ਪ੍ਰਸ਼ਨ—ਮੇਰਾ ਨਾਮ ਮਾਲਿਕ ਸਿੰਘ *



www.AKJ.Org

## ਨਿਰਬਾਣ ਕੀਰਤਨੀਆਂ ਦੀ ਭਾਰਤ ਫੇਰੀ :

# ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ ਤੇ ਉਨ੍ਹਾਂ ਦੇ ਕੀਰਤਨ-ਪ੍ਰੇਮੀ

(ਗਿਆਨੀ ਗੁਰਦਿੱਤ ਸਿੰਘ ਜੀ ਸੰਪਾਦਕ 'ਪਰਕਾਸ਼' ਚੰਡੀਗੜ੍ਹ)

ਅਕਤੂਬਰ ਦਾ ਸਾਰਾ ਮਹੀਨਾ ਅਖੰਡ ਕੀਰਤਨੀ ਜਥਿਆਂ ਦੇ ਕੀਰਤਨ ਪ੍ਰੇਮੀ ਭਾਰਤ ਦੀ ਪ੍ਰਚਾਰ ਫੇਰੀ ਲਈ ਵਿਚਰ ਰਹੇ ਹਨ। ਜੋ ਸ੍ਰੀ ਹਜ਼ੂਰ ਸਾਹਿਬ, ਪਟਨਾ ਸਾਹਿਬ ਦੇ ਮੁੱਖ ਧਾਮਾਂ ਕਲਕਤਾ ਅਤੇ ਬੰਬਈ ਭਾਰਤ ਦੇ ਦੋ ਵਡੇ ਸ਼ਹਿਰਾਂ, ਇਹਨਾਂ ਧਾਮਾਂ ਅਤੇ ਸ਼ਹਿਰਾਂ ਦੇ ਰਸਤੇ ਵਿਚ ਆਉਂਦੇ ਕਈ ਟਿਕਾਣਿਆਂ ਅਤੇ ਨਗਰਾਂ ਵਿਚ, ਵੰਡ ਅਨੁਸਾਰ ਦਿਤੇ ਸਮੇਂ ਮੁਤਾਬਕ ਹਰਿ ਕੀਰਤਨ ਦੇ ਸਮਾਗਮ ਰਚਣਗੇ। ਭੂਪਾਲ ਅਤੇ ਬੰਬਈ ਵਿਚ ਓਥੋਂ ਦੀਆਂ ਸੰਗਤਾਂ ਵਲੋਂ ਖਾਸ ਤੌਰ ਤੇ ਪ੍ਰਬੰਧ ਕੀਤੇ ਜਾ ਰਹੇ ਹਨ। ਕਲਕਤੇ ਵਿਚ ਵੀ ਸੰਗਤਾਂ ਵਿਚ ਭਾਰੀ ਉਤਸ਼ਾਹ ਹੈ। ਸ੍ਰੀ ਹਜ਼ੂਰ ਸਾਹਿਬ ਜੀ ਦੁਸਹਿਰੇ ਦਾ ਜੋੜਮੇਲਾ ਹੋਵੇਗਾ ਹੀ, ਵਾਪਸੀ ਉਤੇ ਪਟਨੇ ਸਾਹਿਬ ਵਿਚ ਤਿੰਨ ਦਿਨ ਅਖੰਡ ਕੀਰਤਨ ਦੀਆਂ ਝੜੀਆਂ ਲਗਣਗੀਆਂ। ਇਹ ਸਮਾਗਮ ਨੇੜੇ ਤੇੜੇ ਦੀਆਂ ਗੁਰਬਾਣੀ ਪ੍ਰੇਮੀ, ਨਾਮ ਰਸ ਦੀ ਜਾਗ੍ਰਤੀ ਵਾਲੀਆਂ ਰੂਹਾਂ ਲਈ ਖਾਸ ਤੌਰ ਤੇ ਲਾਭਵੰਦੇ ਹੋਣਗੇ ਕਿਉਂਕਿ ਕੀਰਤਨੀ ਜਥਿਆਂ ਵਿਚ ਗੁਰੂ ਘਰੋਂ ਬਖ਼ਸ਼ੀਆਂ ਰੂਹਾਂ ਇਕੋ ਸਮੇਂ ਇਤਨੀਆਂ ਇਕੱਠੀਆਂ ਹੋਣੀਆਂ ਸੰਭਵ ਨਹੀਂ।

ਗੁਰਸਿਖੀ ਵਿਚ ਨਾਮ ਅਤੇ ਕੀਰਤਨ ਦੋ ਅਧਿਆਤਮ ਰਹੱਸ ਵਾਲੀਆਂ ਉਚੀਆਂ ਵਸਤੂ ਹਨ।

---

*ਹੈ ਤੇ ਇਹ ਕਿਸੇ ਵੀ ਭਾਸ਼ਾ, ਬੋਲੀ ਵਿਚ ਬੋਲਿਆ ਜਾਂ ਲਿਖਿਆ ਜਾਏਗਾ ਪਰ, ਉਸ ਨੂੰ ਬੋਲਨ ਵਿਚ ਮਾਲਿਕ ਹੀ ਬੋਲਿਆ ਜਾਏਗਾ। ਇਸੇ ਤਰੀਕੇ ਨਾਲ ਹੋਰ ਅਨੇਕਾ ਨਾਮ ਹਨ, ਜੈਸੇ ਕਾਨਪੁਰ, ਆਗਰਾ ਆਦਿ। ਪਰ ਭਗਵਾਨ, ਪਰਮਾਤਮਾ, ਵਾਹਿਗੁਰੂ, ਅੱਲਾ, ਖੁਦਾ ਆਦਿ ਇਕ ਹੀ ਨਾਮ ਨੂੰ ਅਨੇਕਾਂ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ। ਇਸ ਦਾ ਕੀ ਕਾਰਨ ਹੈ ?

(ਭਾਈ ਮਾਲਿਕ ਸਿੰਘ)

ਜੁਆਬ—ਮੇਰੇ ਵੀਰ ! ਮੈਨੂੰ ਤੁਹਾਡੇ ਸਵਾਲ ਦੀ ਪੂਰੀ ਸਮਝ ਨਹੀਂ ਆਈ ਕਿ ਤੁਸੀਂ ਕੀ ਪੁਛਣਾ ਚਾਹੁੰਦੇ ਹੋ। ਪਰ ਤੁਹਾਡੇ ਨਾਮ ਤੋਂ ਮੈਂ ਤੁਹਾਨੂੰ ਇਕ ਹੀ ਸੁਝਾਉ ਦੇਵਾਂਗਾ, ਕਿ ਐਵੇਂ ਨਾਮਾਂ ਦੇ ਅਰਥਾਂ ਜਾਂ ਖਲਜਗਣਾਂ ਵਿਚ ਨਾਂ ਪਵੋ। ਮਾਲਕ ਨੇ ਤੁਹਾਡਾ ਨਾਮ ਮਾਲਿਕ ਸਿੰਘ ਰਖਿਆ ਹੈ। ਤੁਸੀਂ ਗੁਰਬਾਣੀ ਦੀ ਖੋਜ ਨਾਲ, ਬਾਣੀ ਪੜ੍ਹਨ ਨਾਲ, ਨਾਮ ਅਭਿਆਸ ਨਾਲ, ਨਾਮ ਰੱਸੀ ਸਤਿ-ਸੰਗਤ ਨਾਲ, ਆਪਣੀਆਂ ਇੰਦਰੀਆਂ ਦੇ, ਆਪਣੇ ਮਨ ਦੇ ਮਾਲਿਕ ਬਣੋ। ਆਪਣੇ ਆਪ ਸਾਰੀ ਸੋਝੀ ਹੋ ਜਾਵੇਗੀ, ਕਿਉਂਕਿ ਹੁਕਮ ਹੈ—

ਮਨੁ ਜੀਤੈ ਜਗੁ ਜੀਤੁ ॥

—o—



www.AKJ.Org

ਜਿਥੋਂ ਤੀਕ ਰਾਗਾਂ ਦੀ ਟੈਕਨੀਕ ਦਾ ਵਾਸਤਾ ਤੇ ਸੋਹਣੇ ਸੁਰੀਲੇ ਗਲਿਆਂ ਦੀ ਗਲ ਹੈ, ਉਹ ਬਹੁਤ ਸਾਰੇ ਰਾਗੀਆਂ ਦੇ ਮਿਲ ਜਾਂਦੇ ਹਨ, ਉਹਨਾਂ ਦਾ ਟੈਕਨੀਕ ਦੇ ਰਸ ਰੰਗ ਦੇ ਜਾਣੂਆਂ ਨੂੰ ਲਾਭ ਵੀ ਪੁਜਦਾ ਹੈ, ਉਨ੍ਹਾਂ ਰੰਗਾਂ ਤੇ ਰਸਾਂ ਰਾਹੀਂ ਗੁਰਬਾਣੀ ਦਾ ਕੀਰਤਨ ਅਵੱਸ਼ ਹੀ ਆਕਰਸ਼ਕ ਹੁਦਾ ਹੈ। ਪਰੰਤੂ ਜਿਨ੍ਹਾਂ ਦੇ ਮਨ ਹਰਿ ਰੰਗ ਵਿਚ ਰੰਗੇ ਹੋਵਣ ਜਿਨ੍ਹਾਂ ਦਾ ਪ੍ਰਾਣ ਅਧਾਰ ਗੁਰਬਾਣੀ ਹੋਵੇ, ਅਜੇਹੇ ਸਜਣਾਂ ਦੀਆਂ ਰਸਨਾਂ ਤੋਂ ਕੀਰਤਨ ਹੋਰਸ ਰੰਗ ਵਾਲਾ ਹੁੰਦਾ ਹੈ। ਗੁਰਬਾਣੀ ਦੀ ਪਾਰਸ ਕਲਾ ਕਿਵੇਂ ਮਨੂੰਰੋਂ ਕੰਚਨ ਕਰਦੀ ਅਤੇ ਆਪਣੇ ਰੰਗ ਦੇ ਪਾਹ ਲੈਕੇ ਰਸਕ ਬਣਾਉਂਦੀ ਹੈ, ਇਸ ਦੇ ਪ੍ਰਮਾਣ ਥਾਂ ਥਾਂ ਨਹੀਂ ਲਭਦੇ।

ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਜੋ ਆਪਣੇ ਸਮੇਂ ਗਰੈਜੂਏਟ ਸਨ, ਚੰਗੇ ਚਲਦੇ ਘਰਾਣੇ ਦੇ ਨੌਨਿਹਾਲ ਅਤੇ ਤਹਿਸੀਲਦਾਰੀ ਦੇ ਅਹੁਦੇ ਉਤੇ ਲਗੇ ਹੋਏ ਸਨ।

ਉਹ ਕੋਈ ਪ੍ਰੇਮ ਦੇ ਬਾਣ ਹੀ ਸਨ, ਉਹ ਕੋਈ ਰਹੱਸ ਹੀ ਸੀ ਜਿਸ ਕਾਰਨ ਉਨ੍ਹਾਂ ਅਫ਼ਸਰੀ ਤੇ ਅਮੀਰੀ ਠਾਠ ਵਾਲੇ ਜੀਵਨ ਨੂੰ ਛਡ ਕੇ ਫ਼ਕੀਰੀ ਜੀਵਨ ਧਾਰਨ ਕੀਤਾ।

੧੯੧੪ ਜੇਲ੍ਹ ਜਾਣ ਤੋਂ ਪਹਿਲਾਂ ਤਕ ਉਨ੍ਹਾਂ ਦੀ ਗਣਨਾ ਸਿਖਾਂ ਵਿਚ ਜਿਸ ਕਿਸਮ ਦੇ ਵਿਅੱਕਤੀਆਂ ਵਿਚ ਹੁੰਦੀ ਸੀ, ਉਸ ਦੀਆਂ ਕਈ ਮਿਸਾਲਾਂ ਮਿਲਦੀਆਂ ਹਨ। ਗਿਆਨੀ ਹੀਰਾ ਸਿੰਘ 'ਦਰਦ' ਨੇ ਆਪਣੀਆਂ ਜੀਵਨ ਯਾਦਾਂ ਵਿਚ ਲਿਖਿਆ ਕਿ, ਉਸ ਵੇਲੇ ਇਸ ਪੱਖੋਂ ਦੇਖਦਿਆਂ ਕਿ ਪੰਥ ਵਿਚ ਕੇਹੜਾ ਗੁਰਮੁਖ ਚੋਟੀ ਦੇ ਸਿਖੀ ਜੀਵਨ ਤੇ ਆਤਮਕ ਮੰਡਲਾਂ ਵਾਲਾ ਹੈ, ਉਹਨਾਂ ਨੂੰ ਅੰਮ੍ਰਿਤ ਛਕਣ ਲਈ ਭਾਈ ਸਾਹਿਬ ਜੀ ਦਾ ਜਥਾ ਹੀ ਸਾਰੇ ਪੰਥ ਵਿਚ ਦਿਸਿਆ ਸੀ।

ਭਾਈ ਸਾਹਿਬ ਅਠੇ ਪਹਿਰ ਕੀਰਤਨ ਅਤੇ ਨਾਮ ਦੀ ਮਸਤੀ ਵਿਚ ਰਹਿੰਦੇ ਸਨ, ਭਰ ਜੁਆਨੀ ਵਿਚ ਉਹਨਾਂ ਦੇ ਜਿਨ੍ਹਾਂ ਨੇ ਕੀਰਤਨ ਸੁਣੇ ਅਤੇ ਖਾਲਸਈ ਜਲਵੇ ਦੇਖੇ ਹਨ ਉਹ ਅਜ ਤਕ ਵੀ ਜਦੋਂ ਦਸਦੇ ਹਨ ਤਾਂ ਰਸ-ਖੀਵੇ ਹੋ ਜਾਂਦੇ ਹਨ। ਬਹੁਤ ਸਾਰੇ ਪੁਰਾਣੇ ਬਜ਼ੁਰਗ ਗੁਰਸਿਖ ਹਨ ਜਿਨ੍ਹਾਂ ਨੇ ਉਹਨਾਂ ਦੇ ਜੇਲ੍ਹ ਜਾਣ ਤੋਂ ਪਹਿਲਾਂ ਦੇ ਜੀਵਨ ਦੇ ਨਜ਼ਾਰੇ ਦੇਖੇ ਸੁਣੇ ਹਨ। ਜੇਲ੍ਹ ਜਿਸ ਕਾਜ਼ ਲਈ ਜਾਣਾ ਪਿਆ ਉਹ ਠੀਕ ਅਤੇ ਸੱਚਾ ਸੀ। ਗੁਰਦੁਆਰਾ ਰਕਾਬ ਗੰਜ ਦੀ ਕੰਧ ਦਾ ਮਸਲਾ ਉਠਾਉਣ ਵਾਲਿਆਂ ਵਿਚੋਂ ਉਹ ਇਕ ਸਨ ਜਿਨਾਂ ਚਿਰ ਦਿਲੀ ਦੇ ਗੁਰਦੁਆਰੇ ਦੀ ਯਾਦ ਆਉਂਦੀ ਰਹੇਗੀ, ਓਦੋਂ ਤਕ ਭਾਈ ਸਾਹਿਬ ਜੀ ਦੀ ਇਸ ਗੁਰਧਾਮ ਦੀ ਕੀਤੀ ਸੇਵਾ ਘਾਲਣਾ ਵੀ ਨਹੀਂ ਭੁਲੇਗੀ।

ਉਸ ਵੇਲੇ ਅਮ੍ਰੀਕਾ ਤੋਂ ਗਦਰ ਪਾਰਟੀ ਦੇ ਸੰਚਾਲਕ ਭਾਰਤ ਵਿਚ ਆਏ ਜਿਨ੍ਹਾਂ ਵਿਚੋਂ ਬਹੁਤੇ ਪੰਜਾਬੀ ਸਨ, ਭਾਈ ਸਾਹਿਬ ਜੀ ਦਾ ਸਿਖਾਂ ਵਿਚ ਅਸਰ ਰਸੂਖ ਦੇਖਕੇ ਉਸ ਪਾਰਟੀ ਦੇ ਮੁਖੀਆਂ ਨੇ ਸੰਪਰਕ ਕਾਇਮ ਕੀਤਾ। ਬਿਨਾਂ ਕਿਸੇ ਕਿਸਮ ਦੇ ਨਤੀਜਿਆਂ ਦੇ ਸੋਚੇ ਭਾਈ ਸਾਹਿਬ ਜੀ ਆਪਣੇ ਜਥੇ ਸਮੇਤ ਗਦਰ ਪਾਰਟੀ ਦੀ ਲਹਿਰ ਵਿਚ ਸ਼ਾਮਲ ਹੋ ਗਏ। ਗਦਰ ਦੀ ਕਿਵੇਂ ਸਕੀਮ ਫੇਹਲ ਹੋਈ, ਉਹ ਹੁਣ ਕੋਈ ਗੁਝਾ ਭੇਤ ਨਹੀਂ, ਭਾਈ ਸਾਹਿਬ ਜੀ ਸਨ ਜੋ ਆਪਣੇ ਜਥੇ ਸਮੇਤ ਫ਼ੀਰੋਜ਼ਪੁਰ



www.AKJ.Org

ਛਾਉਣੀ ਤੇ ਧਾਵਾ ਬੋਲਣ ਵਾਲਿਆਂ ਵਿਚੋਂ ਸ. ਕਰਤਾਰ ਸਿੰਘ ਸਰਾਭਾ ਦੀ ਪਿਠ ਤੇ ਸਾਥ ਪੂਰਨ ਵਾਲਿਆਂ ਵਿਚੋਂ ਸਨ।

ਮੁਕੱਦਮਾ ਚਲਿਆ, ਪੰਥ ਦਾ ਇਹ ਸ਼ੇਰ ਪਿੰਜਰਿਆਂ ਵਿਚ ਤਾੜਿਆ ਗਿਆ, ਨਾਲ ਦੇ ਸੈਂਕੜੇ ਸਿੰਘਾਂ ਨੂੰ ਕਸ਼ਟਾਂ ਦੀ ਭੱਠੀ ਵਿਚ ਆਪਣਾ ਆਪਾ ਝੋਕਣਾ ਪਿਆ, ਜਿਨ੍ਹਾਂ ਵਿਚੋਂ ਅਜ ਵੀ ਕਈ ਸਿੰਘ ਦੇਹਧਾਰੀ ਜਾਮੇ ਵਿਚ ਮੌਜੂਦ ਹਨ। ਉਮਰ ਕੈਦ ਕੀ ਹੋਈ, ਜਿਵੇਂ ਉਹਨਾਂ ਦੀ ਜਾਨ ਜੇਲ੍ਹਾਂ ਵਿਚ ਹੀ ਖ਼ਤਮ ਕਰਨ ਦੀ ਹੀ ਕੋਈ ਸ਼ਕੀਮ ਹੋਵੇ, ਇਕ ਪਿਛੋਂ ਦੂਜੀ ਜੇਹਲ ਤਸੀਹਿਆਂ ਕਸ਼ਟਾਂ ਦੇ ਹਾਰ ਸ਼ਿੰਗਾਰ ਕਰਕੇ ਆਈ, ਕਿਧਰੇ ਭੁਖ਼ ਵਰਤ ਚਲੇ, ਕਦੇ ਦੰਦ ਤੋੜੇ ਗਏ, ਕਦੇ ਖੜੀਆਂ ਹਥਕੜੀਆਂ ਬੇੜੀਆਂ ਪਾ ਖਾਕੇ ਸਤਾਇਆ ਗਿਆ ਪਰ—

'ਹਥੀਂ ਕੜੀਆਂ ਪੈਰਾਂ ਵਿਚ ਬੇੜੀਆਂ
ਤੇ ਤੇਰਾ ਭਾਣਾ ਮਿਠਾ ਲਗਦਾ।

ਲੋਕ ਗੀਤਾਂ ਵਰਗੀਆਂ ਅਕਾਲੀ ਲਹਿਰ ਦੀਆਂ ਧਾਰਨਾ ਆਪ ਜੈਸੇ ਗੁਰਮੁਖਾਂ ਦੇ ਕਸ਼ਟਾਂ ਦੀ ਆਰਤੀ ਉਤਾਰਨ ਲਈ ਥਾਂ ਥਾਂ ਸਿੰਘ ਗਾਇਆ ਕਰਦੇ ਸਨ।

ਲੰਮੀ ਜੇਹਲ ਯਾਤਰਾ ਤਪ ਸਾਧਨਾ ਬਣ ਗਈ :

'ਅਜ ਉਹ ਹਜ਼ਾਰੀ ਬਾਗ ਲੱਖੀ ਤੇ ਹਜ਼ਾਰੀ ਬਾਗ
ਸਾਈਂ ਦੇ ਪਿਆਰੇ ਜਿਥੇ ਰਾਤਾਂ ਨੇ ਗੁਜ਼ਾਰਦੇ।
ਚਲ ਉਠ ਚਲੀਏ ਓਦੇ ਵੀਰ ਰਣਧੀਰ ਪਾਸ,
ਚਕੀਆਂ ਪਿਹਾਈਏ ਕੋਲ ਬੈਠ ਸੋਹਣੇ ਯਾਰ ਦੇ।
ਚੰਦਨ ਦੇ ਬੂਟੜੇ ਨੇ ਲਾਈ ਹੈ ਸੁਗੰਧ ਓਥੇ,
ਆਂਵਦੇ ਨੇ ਬੁਲ੍ਹੇ ਓਥੋਂ ਨੂਰੀ ਮਹਿਕਾਰ ਦੇ।
['ਦਰਦ ਸੁਨੇਹੇ' ਹੀਰਾ ਸਿੰਘ ਦਰਦ

ਪੰਜਾਬ ਦੇ ਕਵੀਆਂ ਜਦੀਆਂ ਕਲਮਾਂ ਦਾ ਵਿਸ਼ਾ ਆਪ ਦੇ ਕਸ਼ਟਾਂ ਦਾ ਜਦੋਂ ਵਰਨਣ ਲਣ ਗਿਆ ਤਾਂ ਸਾਰੇ ਪੰਥ ਨੇ ਇਕ ਦਿਨ ਆਪ ਜੀ ਦੀ ਘਾਲਣਾ ਕਮਾਈ ਵਿਚ ਹੋਰ ਬਲ ਬਖ਼ਸਣ ਲਈ ਭੁੱਖ ਵਰਤ ਰਖਕੇ, ਭਾਈ ਸਾਹਿਬ ਜੀ ਦੇ ਜੇਹਲ ਸੁਧਾਰ ਦੇ ਮੋਰਚੇ ਵਿਚ ਸ਼ਕਤੀ ਦਿਤੀ, ਜਿਸ ਦੇ ਫਲ-ਸ੍ਰੂਪ ਜੋ ਜੇਲ੍ਹਾਂ ਕਲ ਦੇ ਕੈਦੀਆਂ ਲਈ ਨਰਕ ਸਨ, ਅਜ ਦੇ ਕੈਦੀਆਂ ਖ਼ਾਸ ਕਰ ਕੇ ਰਾਜਨੀਤਕ ਕੈਦੀਆਂ ਲਈ ਸਹੁਰਾ ਘਰ ਬਣ ਗਈਆਂ।

ਭਾਈ ਸਾਹਿਬ ਜੀ ੧੬, ੧੭ ਸਾਲ ਜੇਹਲਾਂ ਵਿਚ ਬਿਤਾਕੇ ਬਾਹਰ ਆਏ ਤਾਂ ਪੰਥ ਨੇ ਆਪਣੇ ਨੈਣਾਂ ਉਤੇ ਬਿਠਾ ਲਿਆ। ਭਾਈ ਸਾਹਿਬ ਜੀ ਦੀ ਨਿਰਮਾਣਤਾ ਅਤੇ ਕੱਟਰਤਾ ਉਹਨਾਂ ਨੂੰ ਮਾਨ ਸਨਮਾਨ ਦੇ ਰਾਹ ਟੋਰਨ ਵਾਲੀ ਨਹੀਂ ਸੀ, ਪਰੰਤੂ ਪੰਥ ਦੀ ਸੇਵਾ ਇਤਨੀ ਮਹਾਨ ਤੇ ਉਘੀ ਅਤੇ ਨਿਸ਼ਕਾਮ ਸੀ, ਕਿ ਉਹਨਾਂ ਨੂੰ ਅਕਾਲ ਤਖ਼ਤ ਸਾਹਿਬ ਸੱਦ ਕੇ ਸਿਰੋਪਾ ਤੇ ਹੁਕਮਨਾਮਾ ਬਖ਼ਸ਼ੀਸ਼ ਕੀਤਾ ਗਿਆ, ਬਾਕੀ ਤਖ਼ਤਾਂ ਤੇ ਹੋਰ ਗੁਰਧਾਮਾਂ ਵਲੋਂ ਸਿਰੋਪਾਉ ਦਿਤੇ, ਅਨੇਕਾਂ ਮਾਨ ਪੱਤਰ ਦੇਸ਼ ਵਿਦੇਸ਼ ਤੋਂ ਆਪ ਜੀ ਨੂੰ ਭੇਜਕੇ ਸਿਖ ਸੰਗਤਾਂ ਨੇ ਆਪਣੇ ਮਨਾਂ ਦੀ ਹੁੱਬ ਪੂਰੀ ਕੀਤੀ।

ਜਦੋਂ ਤੋਂ ਭਾਈ ਸਾਹਿਬ ਜੀ ਜੇਲ੍ਹ ਤੋਂ ਆਏ, ਉਸ ਪਿਛੋਂ ਜੋ ਵੀ ਮਹਾਨ ਪਥੰਕ ਕਾਰਜ ਹੋਇਆ, ਗੁਰਧਾਮਾਂ ਦੇ ਨੀਂਹ ਪੱਥਰ ਰਖੇ ਗਏ, ਭਾਈ ਸਾਹਿਬ ਜੀ ਦੀ ਇਕੋ ਇਕ ਐਸੀ ਹਸਤੀ ਸੀ, ਜੋ ਦਰਸ਼ਨਾਂ ਅਜੇਹੀਆਂ ਰਸਮਾਂ ਨੂੰ ਅਰੰਭਣ ਲਈ ਪੰਥ ਵਲੋਂ ਮੁੜ ਮੁੜ ਚੁਣੀ ਜਾਂਦੀ ਰਹੀ


www.AKJ.Org

ਸ੍ਰੀ ਤਰਨਤਾਰਨ ਦੀ ਕਾਰ ਸੇਵਾ ਦਾ ਟੱਕ ਪੰਜਾ ਸਾਹਿਬ, ਸ੍ਰੀ ਨਨਕਾਣਾ ਸਾਹਿਬ, ਸ੍ਰੀ ਪਾਉਂਟਾ ਸਾਹਿਬ ਹੋਰ ਕਈ ਗੁਰਧਾਮਾਂ ਦੇ ਨੀਂਹ ਪੱਥਰ ਆਪ ਜੀ ਦੇ ਪਵਿੱਤਰ ਹੱਥਾਂ ਤੋਂ ਪੰਥਕ ਤੌਰ ਤੇ ਰਖਾਏ ਗਏ। ਉਹ ਕਿਸੇ ਕਮੇਟੀ ਦੇ ਪ੍ਰਧਾਨ ਜਾਂ ਲੀਡਰ ਨਹੀਂ ਸਨ, ਜਿਸ ਕਰਕੇ ਇਹੋ ਜਿਹੇ ਸਨਮਾਨ ਉਹਨਾਂ ਨੂੰ ਦੇਣੇ ਮਜਬੂਰਨ ਹੋਕੇ ਕਿਸੇ ਨੂੰ ਕਰਨੇ ਪਏ, ਉਹ ਆਪਣੇ ਸਿੰਘਾਂ ਦੇ ਨਿਰਬਾਣ ਕੀਰਤਨੀਆਂ ਦੇ ਇਕ ਮੁਖੀ ਤੇ ਜਾਹੋ ਜਲਾਲ ਵਾਲੇ ਪੁੰਜ ਦੇ ਰੂਹੇ-ਰਵਾਂ ਸਨ ਜਿਨ੍ਹਾਂ ਦੇ ਦਰਸ਼ਨ ਦੀਦਾਰ ਕਰਕੇ ਮਨ ਠਰਦਾ ਅਤੇ ਸਿਖੀ ਵੇਸ ਦੇ ਝਲਕੇ ਨਾਲ ਰੂਹ ਨੂਰੋ ਨੂਰ ਹੁੰਦੀ ਹੈ।

ਭਾਈ ਸਾਹਿਬ ਜੀ ਦੀਆਂ ਅਨੇਕਾਂ ਕਿਰਤਾਂ ਦੇ ਅਸੀਂ ਰਿਣੀ ਹਾਂ, ਉਹਨਾਂ ਦੀ ਸਿਖ ਸਾਹਿਤ ਦੀ ਸੇਵਾ, ਗੁਰਮਤ ਦੇ ਆਤਮਕ ਮੰਡਲਾਂ ਦੀਆਂ ਗੁੰਝਲਾਂ, ਆਤਮਕ ਕਵਿਤਾਵਾਂ ਦੇ ਆਪ ਮੁਹਾਰੇ ਉਠੇ ਵਲਵਲੇ ਜੋ ਜੋਤ ਵਿਗਾਸ ਤੇ ਦਰਸ਼ਨ ਝਲਕਾਂ ਪੁਸਤਕ ਵਿਚ ਮਿਲਦੇ ਹਨ ਆਪਣੀ ਥਾਂ ਬੇਜੋੜ ਹਨ, ਉਹਨਾਂ ਦਾ ਸਾਹਿਤ ਤੇ ਕੁਰਬਾਨੀ ਦੇ ਪਹਿਲੂ ਸ਼ਾਇਦ ਬਹੁਤੇ ਏਸ ਕਰਕੇ ਚਰਚਾ ਦਾ ਕਾਰਣ ਨਹੀਂ ਬਣ ਸਕੇ ਕਿ ਉਹਨਾਂ ਦੀ ਸਭ ਤੋਂ ਵਡੀ ਦੇਣ "ਨਾਮ" ਦੀ ਜਾਗ੍ਰਤੀ ਤੇ ਕੀਰਤਨ ਦੇ ਰਸ ਦੀ ਦੇਣ ਬਹੁਤ ਮਹਾਨ ਹੈ। ਅਜ ਕਲ ਦੇ ਜ਼ਮਾਨੇ ਵਿਚ ਜਦੋਂ ਨਾਮ ਰਸ ਦੀਆਂ ਗੱਲਾਂ ਬੁਧੀ ਵਾਲੀਆਂ ਨੂੰ ਵਕਤ ਜ਼ਾਇਆ ਕਰਨ ਵਾਦੀਆਂ ਲਗਦੀਆਂ ਹਨ ਉਸ ਵੇਲੇ ਇਕ ਬੁਧੀ ਵਾਦੀਆਂ ਪੜ੍ਹਿਆਂ ਲਿਖਿਆਂ ਤੇ ਆਪੋ ਅਪਣੇ ਕਾਰੋਬਾਰ ਤੇ ਚੰਗੇ ਧੰਦਿਆਂ ਉਤੇ ਲਗਿਆਂ ਦੇ ਜਥਿਆਂ ਦੇ ਜਥੇ ਏਸ ਰਸ ਵਿਚ ਲਗੇ ਹੋਏ ਦੇਖਕੇ ਕਿਸੇ ਦਾ ਅਮੰਨਾ ਨਹੀਂ ਬੱਝਦਾ ਕਿ ਨਾਮ ਰਸ ਵਾਲੀਆਂ ਗਲਾਂ ਕੇਵਲ ਜਮ੍ਹਾਂ ਖ਼ਰਚੀ ਦਾ ਮਾਮਲਾ ਨਹੀਂ ? ਇਹਨਾਂ ਪਿਛੇ ਕੋਈ ਕਲਾ ਹੈ। ਕੀਰਤਨ, ਜਿਸ ਦਾ ਅਸਲ ਰੂਪ ਹੀ ਪਹਿਲਾਂ ਘਟ ਮਿਲਦਾ ਹੈ, ਗੁਰਬਾਣੀ ਦੀ ਕਮਲੀ ਜਿਹੀ ਵਿਆ-ਖਿਆ ਉਹ ਲੋਕ ਕਰਕੇ, ਜਿਨ੍ਹਾਂ ਨੂੰ ਅਰਥ ਦਾ ਬੋਧ ਵੀ ਨਹੀਂ ਹੁੰਦਾ ਪੈਸੇ ਬਟੋਰਨ ਦੇ ਧੰਦੇ ਵਿਚ ਲਗੇ ਹੋਏ ਹਨ, ਉਸ ਸਮੇਂ, ਨਿਰਬਾਣ ਕੀਰਤਨੀ ਜਥਿਆਂ ਦਾ ਇਹ ਸੁੰਦਰ ਸਜੀਲਾ ਪੁੰਜ, ਜਿਨ੍ਹਾਂ ਕਿਸੇ ਤੋਂ ਕੁਝ ਲੈਣਾ ਨਹੀਂ, ਕਿਸੇ ਮਾਨ ਪ੍ਰਤਿਸ਼ਟਾ ਦੀ ਝਾਕ ਨਹੀਂ, ਆਪਣੇ ਕਾਰੋਬਾਰ ਤੇ ਪੱਲਿਓਂ ਪੈਸੇ ਖਰਚ ਕੇ ਆਤਮਕ ਰਸ ਲਈ ਸਮੇਂ ਸਿਰ ਪੁੱਜਣਾ ਅਤੇ ਸਮਾਪਤੀ ਵੇਲੇ ਛਤਰੀ ਦੇ ਕਬੂਤਰਾਂ ਵਾਂਗ ਇਕ ਦਮ ਬਿਨਾਂ ਕਿਸੇ ਉਤੇ ਬੋਝ ਪਾਏ ਦੇ ਉਡ ਜਾਣਾ, ਇਸ ਵੇਲੇ ਭਾਈ ਸਾਹਿਬ ਜੀ ਦੇ ਕੀਰਤਨ ਪਰੇਮੀਆਂ ਬਿਨਾਂ ਪੰਥ ਦੇ ਹੋਰ ਕਿਸੇ ਕਿਸਮ ਦੇ ਜਥੇ ਤੇ ਸਭਾ ਸੁਸਾਇਟੀ ਦਾ ਵਰਤਾਰਾ ਨਹੀਂ।

ਇਹ ਜਥੇ ਪੰਜਾਬ ਦੇ ਵੱਡੇ ਵੱਡੇ ਸ਼ਹਿਰਾਂ ਦਿਲੀ ਤੱਕ ਆਪਣੇ ਸਮਾਗਮ ਕਰਦੇ ਰਹਿੰਦੇ ਹਨ, ਜਿਸ ਦੇ ਰਸ ਰੰਗ ਵਿਚ ਅਨੇਕਾਂ ਆਤਮਕ ਪਰੇਮੀ ਰੂਹਾਂ ਤਾਰੀਆਂ ਲਾਉਂਦੀਆਂ ਰਹਿੰਦੀਆਂ ਹਨ, ਭਾਈ ਸਾਹਿਬ ਜੀ ਦੇ ਚਲਾਣੇ ਪਿਛੋਂ ਪਹਿਲੀਵਾਰੀ ਇਹ, ਕੀਰਤਨੀ ਜਥੇ, ਭਾਰਤ ਦੀ ਫੇਰੀ ਲਈ ਚਲੇ ਹਨ, ਆਸਾ ਹੈ ਗੁਰਮਤ ਪਰੇਮੀ ਆਤਮਕ ਰਸੀਏ ਇਨ੍ਹਾਂ ਦੇ ਪ੍ਰਯਤਨ ਦੇ ਲਾਭ ਉਠਾਉਣਗੇ। ਉਂਝ ਤਾਂ ਮਿਰਗਾਂ ਵਿਚ ਕੋਈ ਵੀ।



www.AKJ.Org

# ਪਵਿਤਰ ਗੁਰਧਾਮਾਂ ਦੀ ਯਾਤਰਾ ਦਾ ਪਰੋਗਰਾਮ

ਪਵਿਤਰ ਗੁਰਧਾਮਾਂ ਦੀ ਯਾਤਰਾ ਲਈ ਚੰਡੀਗੜ੍ਹ ਤੋਂ ਅਖੰਡ ਕੀਰਤਨੀ ਜਥੇ ਹੇਠ ਦਿਤੇ ਪ੍ਰੋਗਰਾਮ ਅਨੁਸਾਰ 28-9-67 ਨੂੰ ਚਾਲੇ ਪਾ ਚੁਕੇ ਹਨ :—

5 ਤੋਂ 7 ਅਕਤੂਬਰ—ਠਹਿਰਾਓ ਬੰਬਈ

8 ਅਕਤੂਬਰ—ਬੰਬਈ ਤੋਂ ਪੂਨਾ

9 ਅਕਤੂਬਰ—ਪੂਨਾ ਤੋਂ ਨਾਨਕ ਝੇਰਾ

10 ਅਕਤੂਬਰ—ਨਾਨਕ ਝੇਰਾ ਤੋਂ ਸ੍ਰੀ ਹਜ਼ੂਰ ਸਾਹਿਬ

11 ਤੋਂ 13 ਅਕਤੂਬਰ—ਯਾਤਰਾ ਸ੍ਰੀ ਹਜ਼ੂਰ ਸਾਹਿਬ ਸ਼ਿਕਾਰ ਘਾਟ, ਹੀਰਾ ਘਾਟ, ਮਾਲ ਟੇਕਰੀ, ਸੰਗਤ ਸਾਹਿਬ, ਮਾਤਾ ਜੀ, ਗੁਰਦਵਾਰਾ ਸਾਹਿਬ ਬੰਦਾ ਸਿੰਘ ਬਹਾਦਰ।

14 ਅਕਤੂਬਰ—ਸ੍ਰੀ ਹਜ਼ੂਰ ਸਾਹਿਬ ਤੋਂ ਨਾਗਪੁਰ

15 ਅਕਤੂਬਰ—ਨਾਗਪੁਰ ਤੋਂ ਰਾਇਪੁਰ

16 ਅਕਤੂਬਰ—ਰਾਇਪੁਰ ਤੋਂ ਬਰਦਵਾਨ

17 ਅਕਤੂਬਰ—ਬਰਦਵਾਨ ਤੋਂ ਕਲਕੱਤਾ

18 ਤੋਂ 20 ਅਕਤੂਬਰ—ਠਹਿਰਾਓ ਕਲਕੱਤਾ

21 ਅਕਤੂਬਰ—ਕਲਕਤਾ ਤੋਂ ਧੰਨਬਾਦ

22 ਅਕਤੂਬਰ—ਧੰਨਬਾਦ ਤੋਂ ਪਟਨਾ ਸਾਹਿਬ

23 ਤੋਂ 24 ਅਕਤੂਬਰ—ਠਹਿਰਾਓ ਗੁ: ਪਟਨਾ ਸਾਹਿਬ

25 ਅਕਤੂਬਰ—ਪਟਨਾ ਸਾਹਿਬ ਤੋਂ ਬਨਾਰਸ

26 ਅਕਤੂਬਰ—ਬਨਾਰਸ ਤੋਂ ਕਾਨ੍ਹਪੁਰ

27 ਅਕਤੂਬਰ—ਕਾਨ੍ਹਪੁਰ ਤੋਂ ਨਾਨਕ ਮਤਾ

28 ਅਕਤੂਬਰ—ਨਾਨਕ ਮਤਾ ਤੋਂ ਬਰੇਲੀ

29 ਅਕਤੂਬਰ—ਬਰੇਲੀ ਤੋਂ ਮੇਰਠ

30 ਅਕਤੂਬਰ—ਮੇਰਠ ਤੋਂ ਪਾਉਂਟਾ ਸਾਹਿਬ

31 ਅਕਤੂਬਰ—ਠਹਿਰਾਓ ਪਾਉਂਟਾ ਸਾਹਿਬ

1 ਨਵੰਬਰ—ਪਾਉਂਟਾ ਸਾਹਿਬ ਤੋਂ ਚੰਡੀਗੜ੍ਹ

ਦਾਸ—ਹਰਚਰਨ ਸਿੰਘ ਚੰਡੀਗੜ੍ਹ

* * *

†ਚਾਲਾ ਨਹੀਂ ਹੁੰਦਾ ਇਹ ਅਖਾਣ ਇਸ ਜਥੇ ਉਤੇ ਘਟਦਾ ਹੈ ਪਰੰਤੂ ਬਾਹਰ ਜਾਣ ਵਾਲਿਆਂ ਵਿਚ ਭਾਈ ਮਹਿੰਦਰ ਸਿੰਘ ਜੀ ਓਵਰਸੀਅਰ, ਭਾਈ ਜੋਗਿੰਦਰ ਸਿੰਘ ਜੀ ਤਲਵਾੜਾ, ਭਾਈ ਜੀਵਨ ਸਿੰਘ ਜੀ ਰਾਗੀ ਲੁਧਿਆਣਾ, ਸਰਦਾਰਨੀ ਕਰਨਲ ਦਲਜੀਤ ਸਿੰਘ ਜੀ ਤੇ ਹੋਰ ਉਹ ਕੀਰਤਨੀ ਰੂਹਾਂ ਹੈਨ ਜੋ ਕੀਰਤਨ ਕਰਨ ਸਮੇਂ ਕੀਰਤਨ ਦਾ ਰੂਪ ਹੀ ਹੋ ਜਾਂਦੀਆਂ ਹਨ। ਬੰਬਈ, ਕਲਕਤੇ, ਹਜ਼ੂਰ ਸਾਹਿਬ, ਪਟਨਾ ਸਾਹਿਬ ਤੇ ਹੋਰ ਸਥਾਨਾਂ ਉਤੇ ਜਿਥੇ ਇਹ ਜਥਾ ਪੁਜੇ ਪਰੇਮੀਆਂ ਨੂੰ ਲਾਭ ਉਠਾਉਣਾ ਚਾਹੀਦਾ ਹੈ, ਏਹੋ ਇਸ ਕੀਰਤਨੀ ਜਥੇ ਦਾ ਢੁਕਵਾਂ ਸੁਆਗਤ ਹੈ।

'ਸੂਰਾ' ਦਾ ਸਾਲਾਨਾ ਚੰਦਾ—ਦੇਸ ੬) ਰੁਪਏ ਪ੍ਰਦੇਸ ੧੦) ਰੁਪਏ
ਲਾਈਫ ਮੈਂਬਰ—੧੫੦) ਰੁਪਏ



www.AKJ.Org

# * ਦਾਨੀ ਸਜਣਾਂ ਦਾ ਧੰਨਵਾਦ *

ਹੇਠ ਦਿਤੇ ਗੁਰਮੁਖ ਪਿਆਰਿਆਂ ਨੇ ਮਾਸਕ-ਪੱਤਰ ਸੂਰਾ ਨੂੰ ਸਹਾਇਤਾ ਭੇਜੀ ਹੈ, ਅਸੀਂ ਉਹਨਾਂ ਦੇ ਬਹੁਤ ਬਹੁਤ ਧੰਨਵਾਦੀ ਹਾਂ। ਦਾਸ—ਮੈਨੇਜਰ

| | | ਰੁਪੈ |
|---|---|---|
| 1 | ਇਕ ਗੁਰਮੁਖ ਪਿਆਰਾ ਚਾਲੀਸ ਗਾਉ, | 230-00 |
| 2 | ਭਾਈ ਨਰਿੰਜਨ ਸਿੰਘ ਜੀ ਕਲਿਯਾਨ ਸੁਖਾ ਜ਼ਿਲਾ ਬਠਿੰਡਾ | 4-00 |
| 3 | ਭਾਈ ਬਾਵਾ ਸਿੰਘ ਜੀ ਕੁਮਾਰ ਹਟੀ | 10-00 |
| 4 | ਜਥੇਦਾਰ ਕਰਤਾਰ ਸਿੰਘ ਜੀ ਬਸੀ ਪਠਾਣਾਂ | 14-00 |
| 5 | ਬੀਬੀ ਦਯਾ ਕੌਰ ਜੀ ਬੰਬਈ-16 | 11-00 |
| 6 | ਸ: ਮਹਿੰਦਰ ਸਿੰਘ ਜੀ ਮਲਾਦ ਬੰਬਈ | 100-00 |
| 7 | ਇਕ ਗੁਰਮੁਖ ਪਿਆਰਾ ਬਿਰਮੰਗਮ U.K. | 14-00 |
| 8 | ਡਾ: ਗੁਰਮੁਖ ਸਿੰਘ ਜੀ ਘਨੌਰ (ਪਟਿਆਲਾ) | 10-00 |
| 9 | ਸ: ਪ੍ਰੀਤਮ ਸਿੰਘ ਜੀ ਪਟਿਆਲਾ | 10-00 |
| 10 | ਭਾ: ਤਰਲੋਚਨ ਸਿੰਘ ਜੀ ਪਟਿਆਲਾ | 5-00 |
| 11 | ਜੇ. ਐਸ. ਕੰਧਾਰੀ ਭੁਪਿੰਦਰਾ ਰੋਡ, ਪਟਿਆਲਾ | 5-00 |
| 12 | ਸ: ਬਹਾਦਰ ਸਿੰਘ ਜੀ ਪਟਿਆਲਾ | 9-00 |
| 18 | ਸੰਗਤ ਗੁਰਦਵਾਰਾ ਖਾਲਸਾ ਮਹਲਾ ਪਟਿਆਲਾ | 11-00 |
| 14 | ਭਾ: ਹਰਚਰਨ ਸਿੰਘ ਜੀ ਫਗਵਾੜਾ | 2-50 |
| | | ਜੋੜ—435-50 |


# ਜੜੀਆਂ ਬੂਟੀਆਂ ਦਵਾਰਾ ਇਲਾਜ

## ਫੁਲਵੈਹਰੀ ਤੋਂ ਛੁਟਕਾਰਾ (ਸੰਨਿਆਸੀ ਟੋਟਕਾ)

ਫੁਲਵੈਹਰੀ ਸਫ਼ੈਦ ਦਾਗ ਦਾ ਸ਼ਰਤੀਆ ਇਲਾਜ ਹਰ ਕਿਸਮ ਦੀ ਖ਼ੂਨ ਖ਼ਰਾਬੀ ਤੇ ਚਮੜੀ ਦੇ ਰੋਗਾਂ ਨੂੰ ਸਹੀ ਅਰਥਾਂ ਵਿਚ ਠੀਕ ਕੀਤਾ ਜਾਂਦਾ ਹੈ।



ਫੁਲਵੈਹਰੀ ਦਾ ਰੋਗੀ

● ਪੁਰਾਣੀ ਖਾਰਸ ● ਧੱਦਰ ● ਚੰਬਲ ● ਬਵਾਸੀਰ ● ਕਮਰ ਦਰਦ
● ਬਲੱਡ ਪਰੈਸ਼ਰ ● ਕਮਜ਼ੋਰੀ ● ਗੰਠੀਆ ● ਦਰਦ ਗੋਂਹ ● ਕਬਜ਼
● ਸ਼ੂਗਰ ਦਾ ਬੂਟੀਆਂ ਨਾਲ 40 ਦਿਨਾਂ ਦਾ ਇਲਾਜ ● ਖਾਂਸੀ ● ਨਜ਼ਲਾ
● ਦਮੇ ਦਾ ਇਕ ਹੀ ਕੋਰਸ। ਗਰੀਬ ਰੋਗੀਆਂ ਦਾ ਧਰਮ ਅਰਥ ਇਲਾਜ

ਨੋਟ—ਦੂਰ ਦੇ ਸਜਣ ਡਾਕ ਰਾਹੀਂ ਦਵਾਈ ਮੰਗਵਾ ਸਕਦੇ ਹਨ। ਹੋਰ ਹਰ ਤਰਾਂ ਦੀਆਂ ਬਿਮਾਰੀਆਂ ਦੇ ਇਲਾਜ ਲਈ ਲਿਖੋ ਚਿਠੀ ਜਵਾਬੀ ਲਿਖੋ ਜਾਂ ਆਪ ਮਿਲੋ ਸਭ ਦਵਾਈਆਂ ਦੇਸੀ ਜੜੀ ਬੂਟੀਆਂ ਤੋਂ ਤਿਆਰ ਕੀਤੀਆਂ ਜਾਂਦੀਆਂ ਹਨ, ਸੰਨਿਆਸੀ ਮਹਾਤਮਾਂ ਦੇ ਕੀਮਤੀ ਤੇ ਸੈਂਕੜੇ ਸਾਲਾ ਪੁਰਾਣੇ ਨੁਸਖਿਆ ਤੋਂ ਲਾਭ ਉਠਾਓ।

## ਚਿਠੀ ਤੇ ਮਿਲਣ ਦਾ ਪਤਾ- ਸੰਨਿਆਸੀ ਦਵਾਖ਼ਾਨਾ

## ਪੀਲੀ ਸੜਕ ਰਾਘੋਮਾਜਰਾ, ਪਟਿਆਲਾ-3 (Patiala Pb.)


www.AKJ.Org

'SURA' Monthly 5 October 1967 Regd. No. P 119

# ਸੂਰਾ ਪ੍ਰਿੰਟਿੰਗ ਪ੍ਰੈਸ

ਗੁਰਮੁਖ ਪਿਆਰਿਆਂ ਦੀ ਪ੍ਰੇਰਨਾ ਤੇ ਉਦਮ ਨਾਲ ਪਿਛਲੇਰੇ ਸਾਲ 'ਸੂਰਾ' ਅਰੰਭ ਹੋਇਆ ਸੀ, ਇਸ ਸਾਲ ੨੩ ਜੁਲਾਈ ਤੋਂ **ਸੂਰਾ ਪ੍ਰਿੰਟਿੰਗ ਪ੍ਰੈਸ** ਚਾਲੂ ਹੋ ਗਿਆ ਜਿਨ੍ਹਾਂ ਪਰੇਮੀਆਂ ਨੇ ਇਸ ਲਈ ਆਪਣੀ ਕਿਰਤ ਕਮਾਈ ਵਿਚੋਂ ਮਾਇਆ ਸਫਲ ਕੀਤੀ ਹੈ ਉਹਨਾਂ ਪ੍ਰਤੀ 'ਸੂਰਾ' ਦੇ ਪਾਠਕ ਪਰੇਮੀ ਅਤੇ ਪ੍ਰਬੰਧਕ ਸਦਾ ਹੀ ਧੰਨਵਾਦੀ ਰਹਿਣਗੇ। ਇਹ ਯਤਨ ਨਰੋਲ ਗੁਰਮਤ ਪ੍ਰਚਾਰ ਲਈ ਅਰੰਭਿਆ ਗਿਆ ਹੈ। ਜੋ ਆਪਣੇ ਪਹਿਲੇ ਦੋ ਪੜਾ ਤਹਿ ਕਰ ਚੁਕਿਆ ਹੈ। ਕੋਈ ਵੱਡੀ ਗੱਲ ਨਹੀਂ ਆਉਂਦੇ ਅਰਸੇ ਵਿਚ 'ਸੂਰਾ' ਹਜ਼ਾਰਾਂ ਦੀ ਗਿਣਤੀ ਵਿਚ ਪੁਜ ਕੇ ਗੁਰਮਤ ਦੀ ਸੇਵਾ ਕਰਨ ਦੇ ਕਾਬਲ ਹੋ ਜਾਵੇ। ਇਹ ਤਦ ਹੀ ਹੋ ਸਕਦਾ ਹੈ, ਜੇਕਰ ਸੂਰਾ ਪ੍ਰੈਸ ਨੂੰ ਪੂਰੀ ਤਰ੍ਹਾਂ ਮਜ਼ਬੂਤ ਅਤੇ ਤਿਆਰ ਬਰ ਤਿਆਰ ਕੀਤਾ ਜਾਵੇ, ਜਿਸ ਲਈ ਇਸ ਵੇਲੇ ਟਾਈਪ ਦੀ ਥੁੜ ਹੈ। ਆਸ਼ਾ ਹੈ ਗੁਰਮੁਖ ਪਰੇਮੀ ਇਸ ਪਾਸੇ ਧਿਆਨ ਦੇ ਕੇ ਇਹ ਘਾਟ ਵੀ ਪੂਰੀ ਕਰਨਗੇ, ਅਤੇ ਸੂਰੇ ਦੇ ਵਧ ਤੋਂ ਵਧ ਤੇ ਘਟੋ ਘਟ ਹਰ ਇਕ ਪਾਠਕ ਦੋ ਗ੍ਰਾਹਕ ਇਸ ਸਾਲ ਵਿਚ ਜ਼ਰੂਰ ਬਣਾਇਗਾ।

ਦਾਸ--ਮੈਨੇਜਰ, ਸੂਰਾ ਪ੍ਰਿੰਟਿੰਗ ਪ੍ਰੈਸ,
ਰਾਘੋ ਮਾਜਰਾ, ਪਟਿਆਲਾ-3

www.AKJ.org